# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 09 ISSUE : 21 SATURDAY, 22 MAY, 2021

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com


## ਸਾਬਕਾ ਮੰਤਰੀ ਕੇਵਿਨ ਫਾਲਕਨ ਨੇ ਬੀਸੀ ਲਿਬਰਲ ਲੀਡਰਸ਼ਿਪ ਦੌੜ 'ਚ ਕੁੱਦੇ



ਵਿਕਟੋਰੀਆ-ਬੀਸੀ ਦੇ ਸਾਬਕਾ ਵਿੱਤ ਮੰਤਰੀ ਕੇਵਿਨ ਫਾਲਕਨ ਨੇ ਬੀਸੀ ਲਿਬਰਲ ਲੀਡਰਸ਼ਿਪ ਲਈ ਆਪਣੀ ਤਿਆਰ ਖਿੱਚ ਦਿੱਤੀ ਹੈ ਅਤੇ ਇਸ ਸਬੰਧੀ ਫੇਸਬੁੱਕ 'ਤੇ ਲਾਈਵ ਸਮਾਗਮ ਪੇਸ਼ ਕੀਤਾ ਗਿਆ ਜਿਸ ਨੂੰ ਪਿਛਲੇ ਹਫਤੇ ਸੋਸ਼ਲ ਮੀਡੀਆ 'ਤੇ ਦੇਖਿਆ ਗਿਆ। ਟਵਿੱਟਰ 'ਤੇ ਉਤੇਜਿਤ ਕਰਨ ਵਾਲੀ ਮੁਹਿੰਮ 'ਰੈਡੀ' ਨਾਲ ਸ਼ੁਰੂ ਹੋਈ। ਫਿਰ ਸਰੀ ਦੇ ਸਾਬਕਾ ਮੇਅਰ ਅਤੇ ਐਮਪੀ ਡਿਆਨੇ ਵਾਟਸ ਦੇ 17 ਮਈ ਨੂੰ ਸ਼ਾਮ 7 ਵਜੇ ਵਰਚੂਅਲ ਸਮਾਗਮ ਵਿਚ ਸ਼ਾਮਿਲ ਹੋਣ ਦੇ ਸੱਦੇ ਵਾਲਾ ਵੀਡੀਓ ਸ਼ੁਰੂ ਹੋਇਆ। ਵਾਟਸ ਨੂੰ ਲੀਡਰਸ਼ਿਪ ਲਈ ਵੈਨਕੂਵਰ-ਕਿਲਚੇਨਾ ਐਮਐਲਏ ਐਂਡਰਿਊ ਵਿਲਕਿਨਸਨ ਨੇ ਮਾਤ ਦਿੱਤੀ ਸੀ। ਵੈਨਕੂਵਰ-ਲੰਗਾਰਾ ਤੋਂ ਐਮਐਲਏ ਮਾਈਕਲ ਲੀ ਜਿਹੜਾ 2017 ਦੀ ਲੀਡਰਸ਼ਿਪ ਵਿਚ ਇਕ ਹੋਰ ਉਮੀਦਵਾਰ ਸੀ ਨੇ ਵੀ ਟਵਿੱਟਰ 'ਤੇ ਜੌਗਿੰਗ ਵੀਡੀਓ ਨਾਲ ਚੋਣ ਲੜਨ ਦਾ ਐਲਾਨ ਕੀਤਾ ਹੈ।

# ਐਂਟੀ ਗੈਂਗ ਪੁਲਿਸ ਵਲੋਂ ਜਨਤਕ ਸੁਰੱਖਿਆ ਨੂੰ ਖ਼ਤਰੇ ਵਾਲੇ 11 ਗੈਂਗਸਟਰਾਂ ਦੇ ਨਾਮ 'ਤੇ ਤਸਵੀਰਾਂ ਜਾਰੀ

ਵਿਕਟੋਰੀਆ-ਕੰਬਾਈਂਡ ਫੋਰਸਿਜ਼ ਸਪੈਸ਼ਲ ਇਨਫੋਰਸਮੈਂਟ ਯੂਨਿਟ ਨੇ ਕਿਹਾ ਕਿ ਉਸ ਦੀ ਸੂਚੀ ਵਿਚ ਸ਼ਾਮਿਲ 11 ਗੈਂਗਸਟਰ ਸ਼ਾਮਿਲ ਹਨ ਜੋ ਸਮੁੱਚੇ ਮੈਟਰੋ ਵੈਨਕੂਵਰ ਵਿਚ ਜਨਤਕ ਸੁਰੱਖਿਆ ਲਈ ਖਤਰਾ ਬਣ ਸਕਦੇ ਹਨ। 6 ਟਾਰਗਿਟ ਗੈਂਗਸਟਰਾਂ ਨਾਲ ਸਬੰਧਿਤ ਵੈਨਕੂਵਰ ਪੁਲਿਸ ਵਲੋਂ ਵਿਲੱਖਣ ਜਨਤਕ ਚਿਤਾਵਨੀ ਜਾਰੀ ਕਰਨ ਤੋਂ ਇਕ ਦਿਨ ਪਿੱਛੋਂ ਬੀਸੀ ਦੀ ਐਂਟੀ ਗੈਂਗ ਏਜੰਸੀ ਨੇ ਵਿਅਕਤੀਆਂ ਦੇ ਹੋਰ ਨਾਂਅ ਤੇ ਤਸਵੀਰਾਂ ਵਾਲਾ ਪੋਸਟਰ ਜਾਰੀ ਕੀਤਾ ਹੈ ਜਿਹੜੇ ਹਿੰਸਾ ਲਈ ਚਿੰਨਹਿਤ ਕੀਤੇ ਜਾ ਸਕਦੇ ਹਨ। ਪੋਸਟਰ ਵਿਚ ਵੈਨਕੂਵਰ ਪੁਲਿਸ ਵਿਭਾਗ ਵਲੋਂ ਸ਼ਨਾਖਤ ਕੀਤੇ ਤਿੰਨ ਵਿਅਕਤੀ ਦਿਖਾਈ ਦਿੰਦੇ ਹਨ ਅਤੇ 8 ਹੋਰ ਲੋਅਰ ਮੇਨਲੈਂਡ ਟਕਰਾਅ ਵਿਚ ਸ਼ਾਮਿਲ ਵੱਖ ਵੱਖ ਗੈਂਗਸ ਨਾਲ ਸਬੰਧਿਤ ਹਨ। ਇਸ ਟਕਰਾਅ ਵਿਚ ਇਸ ਸਾਲ ਹੁਣ ਤਕ 41 ਵਿਅਕਤੀ ਮਾਰੇ ਗਏ ਜਾਂ ਜ਼ਖ਼ਮੀ ਹੋਏ ਹਨ। ਸੀਐਫਐਸਈਯੂ-ਬੀਸੀ ਨੇ ਜਨਤਾ ਨੂੰ ਇਨ੍ਹਾਂ 11 ਵਿਅਕਤੀਆਂ ਨਾਲ ਕੋਈ ਗੱਲਬਾਤ ਕਰਨ ਤੋਂ ਬਚਣ ਦੀ ਸਲਾਹ ਦਿੱਤੀ ਹੈ ਜਦਕਿ ਪੁਲਿਸ ਦਾ ਵਿਸ਼ਵਾਸ਼ ਹੈ ਕਿ ਇਹ ਵਿਅਕਤੀ ਭਵਿੱਖ ਦੀ ਹਿੰਸਾ ਲਈ ਨਿਸ਼ਾਨਾ ਹੋ ਸਕਦੇ ਹਨ। ਸੀਐਫਐਸਯੂ ਦੇ ਚੀਫ਼ ਅਫਸਰ ਮਨੀ ਮਾਨ ਨੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਦੇ ਨਾਵਾਂ ਤੇ ਤਸਵੀਰਾਂ ਜਾਰੀ ਕਰਨਾ ਸਾਡੀ ਸਮੂਹਿਕ ਅਤੇ ਤਾਲਮੇਲ ਵਾਲੇ ਯਤਨਾਂ ਦਾ ਇਕ ਹੋਰ ਕਦਮ ਹੈ। ਇਨ੍ਹਾਂ ਦੀ ਚਲ ਰਹੀ ਗੈਂਗ ਹਿੰਸਾ ਵਿਚ ਸ਼ਮੂਲੀਅਤ ਕਾਰਨ ਜਨਤਾ ਦਾ ਸੁਰੱਖਿਆ ਨੂੰ ਕਾਫੀ ਖ਼ਤਰਾ ਹੈ। ਆਰਸੀਐਮਪੀ ਸਹਾਇਕ ਕਮਿਸ਼ਨਰ ਡਵੇਨ ਮੈਕਡੋਨਾਲਡ ਨੇ ਕਿਹਾ ਕਿ ਸਮੁੱਚੇ ਸੂਬੇ ਵਿਚ ਪੁਲਿਸ ਗੈਂਗ ਨਾਲ ਸਬੰਧਤ ਸਰਗਰਮੀ ਨੂੰ ਰੋਕਣ, ਦਬਾਉਣ ਤੇ ਵਿਘਨ ਪਾਉਣ ਲਈ ਹਰੇਕ ਕਾਨੂੰਨੀ ਢੰਗ ਤਰੀਕੇ ਦੀ ਵਰਤੋਂ ਕਰਦੀ ਰਹੇਗੀ।





ਕਾਬਲੀਅਤ, ਤਜ਼ਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
REAL ESTATE PROFESSIONAL CORP.
604-773-7870
Top 10% Realtor Of Fraser Valley Board
info@manpreetdidden.com
www.manpreetdidden.com



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜ਼ਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



ANOOP S. BAINS
BARRISTER & SOLICITOR
Suite 214 - 6678 - 152nd St., Surrey B.C.
ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
ਅਸੀਂ ਸਿਰਫ ਆਈ.ਸੀ.ਬੀ.ਸੀ ਦੇ ਕੇਸ ਹੀ ਲੜਦੇ ਹਾਂ
Anoop Bains
604-547-3178
anoop@bainslaw.ca



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬੀਲੀਟੀ ਇੰਸ਼ੋਰੈਂਸ
- ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca



ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੌਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca



Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com



PHANTOM TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar



HARB ATHWAL
Real Estate Agent
604-785-5616
ਘਰ ਖਰੀਦਣ ਜਾਂ ਵੇਚਣ ਲਈ ਮਿਲੋ
Specializing in Residential, Commercial & Land Development
investa PRIME REALTY
www.investaprime.com
Bus: 604-575-1000
#210 - 5620 152 St., Surrey
E: hrathwal@yahoo.com
www.harbathwal.com



ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S | T & | A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

“Simpson, Thomas & Associates are a legal dream team. No other law firm could have fought this claim as it takes a lot of resources to fight a case of this nature.”
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

“Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved.”
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



**Adam Ueland**
LAWYER

Call Adam on 604-689-8888 to set up a complimentary consultation or visit our website at simpsonthomas.com

We have offices in Vancouver, Surrey/Delta, Abbotsford* and Burnaby.*
*By appointment only

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 09 ISSUE : 21 SATURDAY, 22 MAY, 2021
www.punjablinkpaper.com 604-503-5465

Punjabi Link Radio
ਰੇਡੀਓ ਹੁਣ ਤੁਹਾਡੇ ਫੋਨ ਵਿੱਚ
App Store Google play
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12.00pm to 2:00pm
B.C. Time Mon to Sat
Amarjit Singh Sidhu
Surrey Studio: 778-564-5642
Office: 1-844-884-8840
www.punjabilinkradio.com

# ਪੰਜਾਬ ਕਾਂਗਰਸ ਵਿਚ ਖਾਨਾਜੰਗੀ ਤੇਜ਼ ਹੋਈ-ਕੈਬਨਿਟ ਮੰਤਰੀ ਚੰਨੀ ਦੇ ਘਰ ਮੁੱਖ ਮੰਤਰੀ ਤੋਂ ਨਾਰਾਜ਼ ਆਗੂਆਂ ਦੀ ਮੀਟਿੰਗ

## ਸਿੱਧੂ ਵੱਲੋਂ ਵਿਧਾਇਕਾਂ ਨੂੰ ਦਿੱਲੀ ਕੂਚ ਦਾ ਸੱਦਾ



ਚੰਡੀਗੜ੍ਹ-ਪੰਜਾਬ ਕਾਂਗਰਸ 'ਚ ਛਿੜੀ ਖਾਨਾਜੰਗੀ ਦੌਰਾਨ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਘਰ 'ਚ ਮੰਤਰੀਆਂ, ਇੱਕ ਸੰਸਦ ਮੈਂਬਰ ਅਤੇ ਵਿਧਾਇਕਾਂ ਦੀ ਮੀਟਿੰਗ ਕਾਰਨ ਮਾਮਲਾ ਪੇਚੀਦਾ ਹੁੰਦਾ ਜਾ ਰਿਹਾ ਹੈ। ਕਾਂਗਰਸ ਹਾਈ ਕਮਾਨ ਦੇ ਦਖ਼ਲ ਤੋਂ ਬਾਅਦ ਵੀ ਮਾਮਲਾ ਹਾਲ ਦੀ ਘੜੀ ਠੰਢਾ ਨਹੀਂ ਪੈ ਰਿਹਾ। ਸ੍ਰੀ ਚੰਨੀ ਦੀ ਰਿਹਾਇਸ਼ 'ਤੇ ਦੁਪਹਿਰ ਸਮੇਂ ਹੋਈ ਮੀਟਿੰਗ ਵਿੱਚ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ, ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਤੇ ਵਿਧਾਇਕ ਪਰਗਟ ਸਿੰਘ, ਨੱਥੂ ਰਾਮ ਤੇ ਸੁਰਜੀਤ ਸਿੰਘ ਧੀਮਾਨ ਹਾਜ਼ਰ ਸਨ। ਮੀਟਿੰਗ 'ਚੋਂ ਬਾਹਰ ਆਉਣ ਤੋਂ ਬਾਅਦ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਰਕਾਰ ਵੱਲੋਂ ਮੰਤਰੀਆਂ ਅਤੇ ਵਿਧਾਇਕਾਂ ਨੂੰ ਡਰਾਉਣ ਲਈ ਵਿਜੀਲੈਂਸ, ਪੁਲੀਸ ਅਤੇ ਮਹਿਲਾ ਕਮਿਸ਼ਨ ਵਰਗੀਆਂ ਸੰਸਥਾਵਾਂ ਦੀ ਵਰਤੋਂ ਦਾ ਵਿਰੋਧ ਕਰਦਿਆਂ ਕਿਹਾ, 'ਮੈਂ ਜੇਲ੍ਹ ਜਾਣ ਲਈ ਤਿਆਰ ਹਾਂ।' ਉਨ੍ਹਾਂ ਕਿਹਾ ਕਿ ਇਸ ਸਮੇਂ ਮੁੱਖ ਮੁੱਦਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਮਾਮਲੇ ਨਾਲ ਜੁੜੇ ਗੋਲੀ ਕਾਂਡਾਂ ਦੇ ਮੁਲਜ਼ਮਾਂ ਨੂੰ ਸਜ਼ਾ ਦਿਵਾਉਣ ਦਾ ਹੈ। ਉਨ੍ਹਾਂ ਕਿਹਾ ਕਿ ਇੱਕ ਗਿਣੀ-ਮਿੱਥੀ ਸਾਜਿਸ਼ ਤਹਿਤ ਇਸ ਮੁੱਦੇ ਤੋਂ ਲੋਕਾਂ ਦਾ ਧਿਆਨ ਭਟਕਾਉਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਗੱਲ ਵਿਧਾਇਕਾਂ ਜਾਂ ਮੰਤਰੀਆਂ ਦੀ ਗਿਣਤੀ ਦੀ ਨਹੀਂ, ਮੁੱਦੇ ਦੀ ਹੈ ਅਤੇ ਜੇਕਰ ਇਸ ਮੁੱਦੇ 'ਤੇ ਇਕੱਲਿਆਂ ਲੜਾਈ ਲੜਨੀ ਪਈ ਤਾਂ ਉਹ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਹਨ। ਸ੍ਰੀ ਰੰਧਾਵਾ ਨੇ ਤਕਨੀਕੀ ਸਿੱਖਿਆ ਮੰਤਰੀ ਨੂੰ ਦਬਕਾਉਣ ਲਈ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਵੱਲੋਂ ਕੀਤੀ ਬਿਆਨਬਾਜ਼ੀ 'ਤੇ ਵੀ ਸਵਾਲ ਖੜ੍ਹੇ ਕੀਤੇ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਮਹਿਲਾਵਾਂ 'ਤੇ ਅੱਤਿਆਚਾਰ ਅਤੇ ਸਮੂਹਿਕ ਬਲਾਤਕਾਰ ਦੀਆਂ ਘਟਨਾਵਾਂ ਵਾਪਰਦੀਆਂ ਹਨ, ਪਰ ਉਸ ਸਮੇਂ ਮਹਿਲਾ ਕਮਿਸ਼ਨ ਤੇ ਇਸ ਦੀ ਮੁਖੀ ਦੀ ਜ਼ੁਬਾਨ ਬੰਦ ਰਹਿੰਦੀ ਹੈ ਜਦਕਿ ਇੱਕ ਮੰਤਰੀ ਖ਼ਿਲਾਫ਼ ਬਿਨਾਂ ਸ਼ਿਕਾਇਤ ਤੋਂ ਡਰਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਦੌਰਾਨ ਪਾਰਟੀ ਦੇ ਇੱਕ ਸੀਨੀਅਰ ਆਗੂ ਨੇ ਖੁਲਾਸਾ ਕੀਤਾ ਕਿ ਤਕਨੀਕੀ ਸਿੱਖਿਆ ਮੰਤਰੀ ਸ੍ਰੀ ਚੰਨੀ ਖ਼ਿਲਾਫ਼ ਮਹਿਲਾ ਕਮਿਸ਼ਨ *(ਬਾਕੀ ਸਫ਼ਾ 9 'ਤੇ)*

## ਆਪਣੇ ਮੰਤਰੀਆਂ ਤੇ ਵਿਧਾਇਕਾਂ ਖ਼ਿਲਾਫ਼ ਸਾਜ਼ਿਸ਼ਾਂ ਨਿੰਦਣਯੋਗ-ਬਾਜਵਾ



ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸਰਕਾਰ ਵੱਲੋਂ ਆਪਣੇ ਹੀ ਮੰਤਰੀਆਂ ਤੇ ਵਿਧਾਇਕਾਂ ਖ਼ਿਲਾਫ਼ ਸਾਜ਼ਿਸ਼ਾਂ ਤੇ ਪੜਤਾਲਾਂ ਕਰਨਾ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਅੱਜ ਲੋੜ ਸਾਲ 2017 ਤੋਂ ਪਹਿਲਾਂ ਲੋਕਾਂ ਨਾਲ ਕੀਤੇ ਵਾਅਦੇ ਪੁਗਾਉਣ ਦੀ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਕਾਂਡ ਦੇ ਮੁੱਦੇ 'ਤੇ ਕੋਈ ਕਾਰਵਾਈ ਨਾ ਹੋਣ ਕਾਰਨ ਪਾਰਟੀ ਨੂੰ ਨਮੋਸ਼ੀ ਝੱਲਣੀ ਪੈ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਬੇਅਦਬੀ ਤੇ ਗੋਲੀ ਕਾਂਡ ਦੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਦੀ ਥਾਂ ਆਪਣੇ ਹੀ ਵਿਧਾਇਕਾਂ ਤੇ ਮੰਤਰੀਆਂ ਨੂੰ ਡਰਾਇਆ ਜਾ ਰਿਹਾ ਹੈ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਅਤੇ ਕਾਂਗਰਸ ਦੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦਰਮਿਆਨ ਹੋਈ ਮੀਟਿੰਗ ਨੇ ਸੂਬੇ ਦੇ ਸਿਆਸੀ ਹਲਕਿਆਂ ਅੰਦਰ ਨਵੀਂ ਚਰਚਾ ਛੇੜ ਦਿੱਤੀ ਹੈ। ਸੂਤਰਾਂ ਮੁਤਾਬਕ ਦੋਵਾਂ ਆਗੂਆਂ ਦਰਮਿਆਨ ਹੋਈ ਮੀਟਿੰਗ ਵਿੱਚ ਸੂਬੇ ਦੇ ਤਾਜ਼ਾ ਸਿਆਸੀ ਹਾਲਾਤ 'ਤੇ ਚਰਚਾ ਕੀਤੀ ਗਈ। ਸ੍ਰੀ ਢੀਂਡਸਾ ਨੇ ਇਸ ਘਟਨਾਕ੍ਰਮ ਨੂੰ ਸ਼ਿਸ਼ਟਾਚਾਰ ਮਿਲਣੀ ਕਿਹਾ।

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| | | | |
|---|---|---|---|
| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਬੀ.ਸੀ. ਵਿਚ ਕੋਵਿਡ-19 ਦੇ 521 ਨਵੇਂ ਮਾਮਲੇ ਦਰਜ



ਵਿਕਟੋਰੀਆ-ਬੀਸੀ ਦੇ ਸੂਬਾਈ ਸਿਹਤ ਅਫਸਰ ਡਾ. ਬੋਨੀ ਹੈਨਰੀ ਅਤੇ ਸਿਹਤ ਮੰਤਰੀ ਐਡਰੀਅਨ ਡਿਕਸ ਨੇ ਇਕ ਸਾਂਝੇ ਬਿਆਨ ਰਾਹੀਂ ਸੂਬੇ ਵਿਚ ਪੰਜ ਐਪੀਲਿੰਕਡ ਮਾਮਲਿਆਂ ਸਮੇਤ 521 ਨਵੇਂ ਮਾਮਲੇ ਦਰਜ ਹੋਣ ਬਾਰੇ ਜਾਣਕਾਰੀ ਦਿੱਤੀ ਹੈ ਜਿਸ ਨਾਲ ਸੂਬੇ ਵਿਚ ਕੋਵਿਡ-19 ਦੇ ਮਾਮਲਿਆਂ ਦੀ ਕੁਲ ਗਿਣਤੀ 140596 ਹੋ ਗਈ ਹੈ। ਬੀਸੀ ਵਿਚ ਕੋਵਿਡ-19 ਦੇ 4815 ਮਾਮਲੇ ਹਨ। ਇਸ ਤੋਂ ਇਲਾਵਾ ਜਿਨ੍ਹਾਂ 133985 ਵਿਅਕਤੀਆਂ ਦਾ ਕੋਵਿਡ-19 ਟੈਸਟ ਪਾਜ਼ੇਟਿਵ ਆਇਆ ਸੀ ਉਹ ਠੀਕ ਹੋ ਗਏ ਹਨ। ਐਕਟਿਵ ਮਾਮਲਿਆਂ ਵਿਚੋਂ 340 ਵਿਅਕਤੀ ਹਸਪਤਾਲਾਂ ਵਿਚ ਦਾਖਲ ਹਨ ਜਿਨ੍ਹਾਂ ਵਿਚੋਂ 118 ਦਾ ਆਈਸੀਯੂ ਵਿਚ ਇਲਾਜ ਚਲ ਰਹੇ ਹੈ। ਬਾਕੀ ਲੋਕ ਘਰਾਂ ਵਿਚ ਇਕਾਂਤਵਾਸ ਹਨ। ਸੂਬੇ ਵਿਚ ਕੋਵਿਡ-19 ਨਾਲ 8 ਹੋਰ ਮੌਤਾਂ ਹੋਈਆਂ ਹਨ ਜਿਨ੍ਹਾਂ ਨਾਲ ਸੂਬੇ ਵਿਚ ਕੋਰੋਨਾਵਾਇਰਸ ਨਾਲ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ 1658 ਹੋ ਗਈ ਹੈ।

# ਸਰੀ ਮੇਅਰ ਡੱਗ ਮੈਕਲੱਮ ਨੇ ਆਪਣੇ ਸਾਸ਼ਨ ਦੇ ਸੋਹਲੇ ਗਾਏ

ਸਰੀ-ਸਰੀ ਦੇ ਮੇਅਰ ਡੱਗ ਮੈਕਲਮ ਨੇ ਆਪਣੇ ਪ੍ਰਸ਼ਾਸਨ ਦੀ ਮਹਿਮਾ ਗਾਉਂਦੇ ਹੋਏ ਕਿਹਾ ਕਿ ਸਰੀ ਸ਼ਹਿਰ ਦੂਰੋਂ-ਨੇੜਿਓਂ ਪ੍ਰਸ਼ੰਸਾ ਖੱਟ ਰਿਹਾ ਹੈ।2018 ਵਿਚ ਚੁਣੇ ਜਾਣ ਪਿੱਛੋਂ ਮੈਕਲਮ ਨੇ ਮੰਗਲਵਾਰ ਨੂੰ ਦੂਸਰੀ ਵਾਰ ਭਾਸ਼ਨ ਕੀਤਾ। ਮੇਅਰ ਮੈਕਲਮ ਨੇ ਸਿਰਫ 31 ਮਿੰਟ ਵਿਚ ਆਪਣੇ ਪ੍ਰਸ਼ਾਸਨ ਦੇ ਸੋਹਲੇ ਗਾਏ ਜਿਵੇਂ ਕਿਸੇ ਮੇਅਰ ਤੋਂ ਸਟੇਟ ਆਫ ਦੀ ਸਿਟੀ ਅਡਰੈਸ ਵਿਚ ਆਸ ਕੀਤੀ ਜਾਂਦੀ ਹੈ। ਉਨ੍ਹਾਂ ਨੇ ਆਪਣੇ ਸੰਦੇਸ਼ ਘਰਾਂ ਵਿਚ ਪਹੁੰਚਾਉਣ ਦੇ ਇਰਾਦੇ ਨਾਲ ਵਿਖਾਵੇਦਾਰ ਪੇਸ਼ਕਾਰੀ ਕਰਦਿਆਂ ਕਿਹਾ ਕਿ ਸਰੀ ਦੂਰੋਂ-ਨੇੜਿਓਂ ਸ਼ਲਾਘਾ ਖੱਟ ਰਿਹਾ ਹੈ। ਮੈਕਲਮ ਨੇ ਆਪਣਾ 2021 ਸਟੇਟ ਆਪ ਦੀ ਸਿਟੀ ਅਡਰੈਸ ਮੰਗਲਵਾਰ ਵਰਚੂਅਲੀ ਫੇਸਬੁੱਕ ਅਤੇ ਯੂਟਿਊਬ 'ਤੇ ਲਾਈਵ ਦਿੱਤਾ। ਉਨ੍ਹਾਂ ਕਿਹਾ ਕਿ 2020 ਦੀਆਂ ਘਟਨਾਵਾਂ ਦੇ ਬਾਵਜੂਦ ਸਰੀ ਨਾ ਸਿਰਫ ਕੋਵਿਡ ਦੇ ਦਬਾਅ ਖਿਲਾਫ ਖੜਿਆ ਸਗੋਂ ਉਹ ਇਸ ਕਾਰਨ ਮਜ਼ਬੂਤ ਤੇ ਜ਼ਿਆਦਾ ਲਚਕਦਾਰ ਹੋ ਗਿਆ ਹੈ। ਪਿਛਲੇ ਸਾਲ ਮਹਾਂਮਾਰੀ ਕਾਰਨ ਅਡਰੈਸ ਨਹੀਂ ਸੀ। 2019 ਵਿਚ ਮੈਕਲਮ ਨੇ ਸਟੇਟ ਆਫ ਦੀ ਸਿਟੀ ਅਡਰੈਸ ਦੀ ਸਰੀ ਪੁਲਿਸ ਸਰਵਿਸ ਕਰੂਜ਼ਰ ਦੇ 15851 ਡਾਲਰ ਦੇ ਪ੍ਰੋਟੋਟਾਈਪ ਨੂੰ ਦਿਖਾਉਣ ਲਈ ਵਰਤੋਂ ਕੀਤੀ ਸੀ। ਮੈਕਲਮ ਨੇ ਕਿਹਾ ਕਿ ਪ੍ਰਸ਼ੰਸਾ ਕਰਨੀ ਚੰਗੀ ਗੱਲ ਹੈ ਪਰ ਇਸ ਤੋਂ ਵੀ ਜ਼ਿਆਦਾ ਮਹੱਤਵਪੂਰਣ ਹੈ ਕਿ ਅਸੀਂ ਇਸ 'ਤੇ ਨਿਰਭਰ ਨਾ ਰਹੀਏ। ਇਹ ਅਹਿਮ ਗੱਲ ਹੈ ਕਿ ਅਸੀਂ ਵਿਕਾਸ ਦੀ ਜੋ ਗਤੀ ਬਣਾਈ ਹੈ ਉਸ ਨੂੰ ਸਰੀ ਵਿਚ ਬਣਾਈ ਰੱਖੀਏ। ਇਸੇ ਲਈ ਕੌਂਸਲ ਸ਼ਹਿਰ ਨੂੰ ਅੱਗੇ ਵਧਾਉਣ ਲਈ ਹਮੇਸ਼ਾ ਯੋਜਨਾ ਬਣਾਉਂਦੀ ਰਹਿੰਦੀ ਹੈ।




# ਆਰਸੀਐਮਪੀ ਨੂੰ ਹੈ ਫਰਾਰ 22 ਸਾਲਾ ਗੈਂਗਸਟਰ ਦੀ ਭਾਲ

ਵੈਨਕੂਵਰ-ਸਰੀ ਆਰਸੀਐਮਪੀ ਕਈ ਵਾਰੰਟਾਂ ਵਿਚ ਲੋੜੀਂਦੇ 22 ਸਾਲਾ ਗੈਂਗਸਟਰ ਦੀ ਅਜੇ ਵੀ ਭਾਲ ਕਰ ਰਹੀ ਹੈ। ਸਰੀ ਆਰਸੀਐਮਪੀ ਨੇ ਦੱਸਿਆ ਕਿ ਬਰਦਰਸ ਕੀਪਰਸ ਦਾ ਮੈਂਬਰ ਨਸੀਮ ਮੁਹੰਮਦ ਗੈਰਕਾਨੂੰਨੀ ਤੌਰ 'ਤੇ ਭੱਜੇ ਹੋਣ, ਪੁਲਿਸ ਦਾ ਵਿਰੋਧ ਕਰਨ ਜਾਂ ਰੁਕਾਵਟ ਪਾਉਣ, ਰਿਹਾਈ ਹੁਕਮ ਦੀ ਉਲੰਘਣਾ ਅਤੇ ਮਨਾਹੀ ਸਮੇਂ ਡਰਾਈਵਿੰਗ ਕਰਨ ਲਈ ਪੁਲਿਸ ਨੂੰ ਲੋੜੀਂਦਾ ਹੈ। ਉਸ ਦੇ ਮੌਜੂਦਾ ਥੁਹਪਤੇ ਦੀ ਜਾਣਕਾਰੀ ਨਹੀਂ ਪਰ ਪੁਲਿਸ ਨੇ ਕਿਹਾ ਕਿ ਉਸ ਨੂੰ ਜਨਵਰੀ ਵਿਚ ਜਾਣਕਾਰੀ ਮਿਲੀ ਸੀ ਕਿ ਮੁਹੰਮਦ ਅਮਰੀਕਾ ਨੂੰ ਭੱਜ ਗਿਆ ਹੈ। ਮੁਹੰਮਦ ਲੋਅਰ ਮੇਨਲੈਂਡ ਵਿਚ ਗੈਂਗ ਵਾਰ ਨਾਲ ਜੁੜਿਆ ਹੋਇਆ ਹੈ। ਗੈਂਗ ਵਾਰ ਦੇ ਸਿੱਟੇ ਵਜੋਂ ਕਈ ਵਾਰ ਜਨਤਕ ਤੌਰ 'ਤੇ ਗੋਲੀਬਾਰੀ ਹੋਈ ਹੈ। ਪੁਲਿਸ ਨੇ ਜਨਤਾ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਹ ਉਸ ਨਾਲ ਸਬੰਧ ਰੱਖਦੇ ਹਨ ਤਾਂ ਉਨ੍ਹਾਂ ਨੂੰ ਖ਼ਤਰਾ ਹੋ ਸਕਦਾ ਹੈ। ਮੁਹੰਮਦ ਦਾ ਲੋਅਰ ਮੇਨਲੈਂਡ ਵਿਚ ਡਰੱਗ ਤਸਕਰੀ ਵਿਚ ਸ਼ਮੂਲੀਅਤ ਦਾ ਪਿਛੋਕੜ ਰਿਹਾ ਹੈ ਅਤੇ ਬੀਤੇ ਸਮੇਂ ਵਿਚ ਹਿੰਸਾ ਦਾ ਨਿਸ਼ਾਨਾ ਰਿਹਾ ਹੈ। ਅਮਰੀਕੀ ਅਦਾਲਤੀ ਦਸਤਾਵੇਜ਼ਾਂ ਮੁਤਾਬਿਕ ਸਰੀ ਵਾਸੀ 23 ਜਨਵਰੀ ਨੂੰ ਮੋਨਟਾਨਾ ਭੱਜ ਗਿਆ ਸੀ। ਉਸ ਨੂੰ ਅਮਰੀਕੀ ਬਾਰਡਰ ਏਜੰਟਾਂ ਨੇ ਉਸ ਦੇ ਫਿੰਗਰਪ੍ਰਿੰਟ ਲੈ ਕੇ ਰਿਹਾਅ ਕਰ ਦਿੱਤਾ ਸੀ ਕਿਉਂਕਿ ਉਸ ਦੇ ਖਿਲਾਫ ਅਮਰੀਕਾ ਵਿਚ ਕੋਈ ਅਪਰਾਧਿਕ ਦੋਸ਼ ਜਾਂ ਇਮੀਗਰੇਸ਼ਨ ਉਲੰਘਣਾ ਨਹੀਂ ਪਾਈ ਗਈ। ਉਹ ਗਲਤ ਢੰਗ ਨਾਲ ਦਾਖਲ ਹੋਣ, ਅਮਰੀਕਾ ਦੀ ਨਾਗਰਿਕਤਾ ਦਾ ਝੂਠਾ ਦਾਅਵਾ ਕਰਨ ਅਤੇ ਅਮਰੀਕੀ ਵਿਭਾਗ ਜਾਂ ਏਜੰਸੀ ਕੋਲ ਗਲਤ ਬਿਆਨ ਦੇਣ ਸਮੇਤ ਅਮਰੀਕਾ ਵਿਚ ਕਈ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਅਦਾਲਤੀ ਦਸਤਾਵੇਜ਼ ਕਹਿੰਦੇ ਹਨ ਕਿ ਕੈਨੇਡੀਅਨ ਅਧਿਕਾਰੀਆਂ ਨੇ ਅਮਰੀਕੀ ਬਾਰਡਰ ਅਧਿਕਾਰੀਆਂ ਨੂੰ ਸਲਾਹ ਦਿੱਤੀ ਕਿ ਮੁਹੰਮਦ ਦੋ ਸੂਬਿਆਂ ਵਿਚ ਗੈਂਗ ਨਾਲ ਸਬੰਧਤ ਕਈ ਕਤਲਾਂ ਵਿਚ ਸ਼ੱਕੀ ਦੋਸ਼ੀ ਹੈ। ਦਸਤਾਵੇਜ਼ਾਂ ਵਿਚ ਕਤਲਾਂ ਦੇ ਦੋਸ਼ਾਂ ਦੇ ਵੇਰਵੇ ਸ਼ਾਮਿਲ ਨਹੀਂ।


SHER TALIB NOTARY PUBLIC
ਨੌਟਰੀ ਪਬਲਿਕ

NOTARIZATIONS
- Affidavits
- Invitation Letters
- Travel Consent Letters
- Statutory Declarations
- Sales & Purchase
- Family Transfer
- Refinancing
- Business Assets Sale Purchase
- Easements, Restrictive Covenants
- Wills & Estate Planning
- Power of Attorney

BC Notaries
A TRUSTED TRADITION

ਨੌਟਰੀ ਪਬਲਿਕ
- ਰਿਅਲ ਅਸਟੇਟ ਦੀ ਖ਼ਰੀਦ ਅਤੇ ਵੇਚ
- ਇਕਰਾਰਨਾਮਾ ਅਤੇ ਹੋਰ ਨੌਟਰੀ ਸੇਵਾਵਾਂ
- ਵਸੀਅਤਨਾਮਾ
- ਪਾਵਰ ਆਫ ਅਟੌਰਨੀ
- ਮੌਰਟਗੇਜ਼ ਦੀ ਡਾਕੂਮੈਂਟੇਸ਼ਨ
- ਨੌਟਰੀਜ਼ੇਸ਼ਨ
- ਐਫੀਡੇਵਿਟ

Services offered in Punjabi, Hindi & English



Sher Talib
M.A (Eco), M.A (ALS)
P: 604-501-9120
F: 604-501-9121
7935 120th Street
Delta BC, V4C 6P6
Email: sher@shernotary.com | www.shernotary.com



JJB INSURANCE
BBB ACCREDITED BUSINESS
An Independent Insurance Broker
Sarban Singh Sidhu
604-507-6866 #1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
| --- | --- | --- | --- |
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



HOUSE INSURANCE
UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa
- ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Ask for Special Rate for
Super Visa Insurance
Money Back upon Visa Declined
Wawanesa Insurance
Call Us Before You Renew / Buy Any Insurance Lien & Accident Search Available



UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic • cric
#12387 - 75 Ave., Surrey BC V3W 2S7
Email: contactuniglobal@gmail.com



# ਗੈਰਕਾਨੂੰਨੀ ਇਕੱਠ ਵਿਚ ਸ਼ਾਮਿਲ ਹੋਣ ਲਈ ਕੈਲਗਰੀ ਮੇਅਰ ਦੇ ਅਹੁਦੇ ਦਾ ਉਮੀਦਵਾਰ ਗ੍ਰਿਫ਼ਤਾਰ

ਐਡਮਿੰਟਨ-ਕੈਲਗਰੀ ਪੁਲਿਸ ਨੇ ਗੈਰਕਾਨੂੰਨੀ ਇਕੱਠ ਵਿਚ ਸ਼ਾਮਿਲ ਹੋਣ ਲਈ ਸੱਜੇ ਪੱਖੀ ਅੰਦੋਲਨਕਾਰੀ ਅਤੇ ਕੈਲਗਰੀ ਮੇਅਰ ਅਹੁਦੇ ਦੇ ਉਮੀਦਵਾਰ ਕੇਵਿਨ ਜੇ ਜੌਹਨਸਟਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਕ ਦਿਨ ਪਹਿਲਾਂ ਅਲਬਰਟਾ ਹੈਲਥ ਸਰਵਸਿਜ਼ ਨੇ ਏਐੱਚਐੱਸ ਮੁਲਾਜ਼ਮਾਂ ਨੂੰ ਧਮਕੀਆਂ ਦੇਣ ਬਦਲੇ ਉਸ ਦੇ ਖਿਲਾਫ ਰੋਕ ਦੇ ਹੁਕਮ ਪ੍ਰਾਪਤ ਕੀਤੇ ਸਨ। ਪੁਲਿਸ ਨੇ ਬਾਅਦ ਵਿਚ ਇਕ ਰਿਲੀਜ਼ ਵਿਚ ਦੱਸਿਆ ਕਿ ਜੋਹਨਸਟਨ ਨੂੰ ਇਸ ਮਹੀਨੇ ਦੇ ਸ਼ੁਰੂ ਵਿਚ ਜਾਰੀ ਕੀਤੇ ਸੂਬਾ ਸਿਹਤ ਹੁਕਮਾਂ ਦੇ ਖਿਲਾਫ ਗੈਰਕਾਨੂੰਨੀ ਜਨਤਕ ਇਕੱਠ ਵਿਚ ਸ਼ਾਮਿਲ ਹੋਣ ਬਦਲੇ ਸਨਿਚਰਵਾਰ ਸ਼ਾਮ ਨੂੰ ਗ੍ਰਿਫ਼ਤਾਰ ਕਰ ਲਿਆ। ਗੈਰਕਾਨੂੰਨੀ ਇਕੱਠ ਸਨਿਚਰਵਾਰ ਸਵੇਰੇ ਕੀਤਾ ਗਿਆ ਸੀ। ਪੁਲਿਸ ਨੇ ਕਿਹਾ ਕਿ ਸਰਵਿਸ ਨੇ ਇਕੱਠ ਦੀ ਪ੍ਰਕਿਰਤੀ ਦੇ ਵੇਰਵੇ ਜਾਰੀ ਨਹੀਂ ਕੀਤੇ। ਸ਼ੁੱਕਰਵਾਰ ਅਲਬਰਟਾ ਕੋਰਟ ਆਫ ਕੁਈਨ ਦੇ ਬੈਂਚ ਜੱਜ ਨੇ ਜੌਹਨਸਟਨ ਖਿਲਾਫ ਏਐੱਚਐੱਸ ਨੂੰ ਰੋਕ ਆਰਡਰ ਜਾਰੀ ਕੀਤੇ ਸਨ। ਇਨ੍ਹਾਂ ਹੁਕਮਾਂ ਵਿਚ ਏਐੱਚਐੱਸ ਅਧਿਕਾਰੀਆਂ ਦੀ ਰਿਕਾਰਡਿੰਗ ਕਰਨ, ਕਿਸੇ ਏਐੱਚਐੱਸ ਜਨਤਕ ਸਿਹਤ ਅਫਸਰ ਦੇ 100 ਮੀਟਰ ਦੇ ਘੇਰੇ ਵਿਚ ਹੋਣ ਅਤੇ ਏਐੱਚਐੱਸ ਮੁਲਾਜ਼ਮਾਂ ਖਿਲਾਫ ਧਮਕੀਆਂ ਦੇਣ ਦੀਆਂ ਕਾਰਵਾਈਆਂ ਸ਼ਾਮਿਲ ਸਨ। ਕੈਲਗਰੀ ਦੀਆਂ ਆ ਰਹੀਆਂ ਮਿਉਂਸਪਲ ਚੋਣ ਵਿਚ ਮੇਅਰ ਅਹੁਦੇ ਦੇ ਉਮੀਦਵਾਰ ਜੌਹਨਸਟਨ ਨੇ ਏਐੱਚਐੱਸ ਮੁਲਾਜ਼ਮਾਂ ਨੂੰ ਜਨਤਕ ਤੌਰ 'ਤੇ ਧਮਕਾਇਆ ਸੀ ਅਤੇ ਆਪਣੀ ਨਿੱਜੀ ਜਾਣਕਾਰੀ ਆਨਲਾਈਨ ਸਾਂਝੀ ਕਰਨ ਦਾ ਪ੍ਰਣ ਕੀਤਾ ਸੀ। ਉਸ ਨੇ ਇਹ ਵੀ ਕਿਹਾ ਸੀ ਕਿ ਉਹ ਹਥਿਆਰਬੰਦ ਹੋ ਕੇ ਏਐੱਚਐੱਸ ਸਟਾਫ ਦੇ ਘਰਾਂ ਦਾ ਦੌਰਾ ਕਰੇਗਾ। ਇਸ ਤੋਂ ਪਹਿਲਾਂ ਜੌਹਨਸਟਨ ਨੇ ਬ੍ਰਿਟਿਸ਼ ਕੋਲੰਬੀਆ ਤੇ ਓਨਟਾਰੀਓ ਵਿਚ ਹਮਲੇ ਅਤੇ ਨਫਰਤ ਨਾਲ ਸਬੰਧਤ ਦੋਸ਼ਾਂ ਦਾ ਸਾਹਮਣਾ ਕੀਤਾ ਹੈ। ਸਟਰੀਟ ਚਰਚ ਦੇ ਪ੍ਰਚਾਰਕ ਆਰਟਰ ਪਾਵਲੋਵਸਕੀ ਅਤੇ ਵਿਸਲ ਸਟੌਪ ਕੈਫੇ ਮਾਲਕ ਕਰਿਸ ਸਕੋਟ 'ਤੇ ਵੀ ਆਰਡਰ ਤਹਿਤ ਦੋਸ਼ ਲਾਏ ਗਏ ਹਨ।

# ਪੁਲਿਸ ਵਲੋਂ ਗੁਦਾ ਵਿਚ ਛੁਪਾ ਕੇ ਰੱਖੀ 23 ਗ੍ਰਾਮ ਤੋਂ ਵੀ ਵੱਧ ਕੋਕੀਨ ਸਮੇਤ ਗੈਂਗਸਟਰ ਗ੍ਰਿਫ਼ਤਾਰ

ਵਿਕਟੋਰੀਆ-ਸਰੀ ਪੁਲਿਸ ਨੇ ਆਪਣੀ ਗੁਦਾ ਵਿਚ ਛੁਪਾ ਕੇ ਰੱਖੀ 23 ਗ੍ਰਾਮ ਤੋਂ ਵੀ ਵੱਧ ਕੋਕੀਨ ਸਮੇਤ ਇਕ ਸ਼ੱਕੀ ਡਰੱਗ ਡੀਲਰ ਨੂੰ ਗ੍ਰਿਫ਼ਤਾਰ ਕੀਤਾ ਹੈ । 14 ਮਈ ਸ਼ਾਮ 7.30 ਵਜੇ ਅਧਿਕਾਰੀਆਂ ਨੇ ਮੋਟਰ ਗੱਡੀ ਦੀ ਜਾਂਚ ਕਰਨ ਲਈ 16 ਐਵੀਨਿਊ ਦੇ 15200 ਬਲਾਕ ਇਲਾਕੇ ਵਿਚ ਇਕ ਕਿਰਾਏ ਦੇ ਵਾਹਨ ਨੂੰ ਰੋਕਿਆ। ਡਰਾਈਵਰ ਨਾਲ ਗੱਲਬਾਤ ਦੌਰਾਨ ਅਧਿਕਾਰੀਆਂ ਨੇ ਡਰੱਗ ਤਸਕਰੀ ਨਾਲ ਮੇਲ ਖਾਂਦੇ ਸਬੂਤ ਦੇਖੇ। ਮਰਦ ਡਰਾਈਵਰ ਤੇ ਉਸ ਦੇ ਯਾਤਰੀ ਨੂੰ ਤਸਕਰੀ ਦੇ ਉਦੇਸ਼ ਲਈ ਰੱਖੀ ਡਰੱਗ ਸਮੇਤ ਗ੍ਰਿਫ਼ਤਾਰ ਕਰ ਲਿਆ। ਆਰਸੀਐਮਪੀ ਨੇ ਦੱਸਿਆ ਕਿ ਪੁਲਿਸ ਸੈੱਲ ਵਿਚ ਤਲਾਸ਼ੀ ਦੌਰਾਨ ਵਾਹਨ ਦੇ ਯਾਤਰੀ ਦੇ ਗੁਦਾ ਤੋਂ ਸ਼ੱਕੀ ਕੋਕੀਨ ਅਤੇ ਪਾਉਡਰ ਕੋਕੀਨ ਦਾ ਭਰਿਆ ਇਕ ਥੈਲਾ ਲਟਕਦਾ ਮਿਲਿਆ। ਜਦੋਂ ਥੈਲੇ ਨੂੰ ਹਟਾਇਆ ਗਿਆ ਤਾਂ ਪੁਲਿਸ ਨੂੰ ਕੁਲ 9.05 ਗ੍ਰਾਮ ਭਾਰ ਵਾਲੇ ਕਰੈਕ ਕੋਕੀਨ ਦੇ 18 ਰੌਕਸ ਅਤੇ ਪਾਉਡਰ ਕੋਕੀਨ ਦੇ 26 ਸਪਿਟਬਾਲਸ ਮਿਲੇ ਜਿਨ੍ਹਾਂ ਦਾ ਕੁਲ ਭਾਰ 14.05 ਗ੍ਰਾਮ ਸੀ। ਅਗਲੇਰੀ ਜਾਂਚ ਤਕ ਦੋਵਾਂ ਵਿਅਕਤੀਆਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਇਸ ਜਾਂਚ ਵਿਚ ਸ਼ੱਕੀ ਨਸ਼ੀਲੇ ਪਦਾਰਥਾਂ ਦਾ ਲੈਬ ਵਿਸ਼ਲੇਸ਼ਣ ਸ਼ਾਮਿਲ ਹੈ।

# ਅਲਬਰਟਾ ਵਿਚ ਫਾਈਜ਼ਰ ਦੀ ਥਾਂ ਪੰਜ ਵਿਅਕਤੀਆਂ ਦੇ ਗਲਤੀ ਨਾਲ ਸੈਲੀਨ ਵਾਟਰ ਦਾ ਟੀਕਾ ਲਗਾਇਆ

ਐਡਮਿੰਟਨ-ਅਲਬਰਟਾ ਵਿਚ ਪੰਜ ਵਿਅਕਤੀਆਂ ਨੂੰ ਕੋਰੋਨਾਵਾਇਰਸ ਲਈ ਫਾਈਜ਼ਰ ਦੀ ਥਾਂ ਸੈਲੀਨ ਵਾਟਰ ਦਾ ਟੀਕਾ ਲਗਾ ਦਿੱਤਾ ਗਿਆ। 10 ਵਿਅਕਤੀਆਂ ਜਿਨ੍ਹਾਂ ਨੂੰ ਅਪ੍ਰੈਲ ਦੇ ਅਖੀਰ ਵਿਚ ਲੇਥਬਰਿਜ ਐਗਜ਼ੀਬੀਸ਼ਨ ਵਿਖੇ ਫਾਈਜ਼ਰ ਦਾ ਟੀਕਾ ਲਗਾਇਆ ਗਿਆ ਸੀ ਨਾਲ ਅਲਬਰਟਾ ਹੈਲਥ ਸੇਵਾਵਾਂ ਵਲੋਂ ਸੰਪਰਕ ਕੀਤਾ ਜਾ ਰਿਹਾ ਹੈ ਕਿਉਂਕਿ ਉਨ੍ਹਾਂ ਵਿਚੋਂ! ਪੰਜ ਨੂੰ ਅਣਜਾਣੇ ਵਿਚ ਕੋਵਿਡ-19 ਟੀਕੇ ਦੀ ਥਾਂ ਸੈਲੀਨ ਵਾਟਰ ਦਾ ਟੀਕਾ ਲਗਾ ਦਿੱਤਾ ਗਿਆ ਸੀ। ਏਐੱਚਐੱਸ ਨੇ ਪਤਾ ਲਾਇਆ ਕਿ 10 ਵਿਅਕਤੀਆਂ ਜਿਨ੍ਹਾਂ ਨੂੰ 29 ਅਪ੍ਰੈਲ ਨੂੰ ਇਕੋ ਥਾਂ ਟੀਕਾਰਕਣ ਕੀਤਾ ਗਿਆ ਸੀ ਵਿਚੋਂ ਪੰਜ ਨੂੰ ਗਲਤੀ ਨਾਲ ਅਸਲੀ ਟੀਕੇ ਦੇ ਥਾਂ ਸੈਲੀਨ ਵਾਟਰ ਦਾ ਟੀਕਾ ਲਗਾ ਦਿੱਤਾ ਗਿਆ ਸੀ। ਸਾਰੇ 10 ਵਿਅਕਤੀਆਂ ਨਾਲ ਏਐੱਚਐੱਸ ਵਲੋਂ ਸੰਪਰਕ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਇਕ ਹੋਰ ਟੀਕਾਕਰਣ ਅਪੁਆਇੰਟਮੈਂਟ ਦੀ ਪੇਸ਼ਕਸ਼ ਕੀਤੀ ਜਾਵੇਗੀ। 29 ਅਪ੍ਰੈਲ ਸ਼ਾਮ ਨੂੰ ਆਮ ਆਡਿਟ ਦੌਰਾਨ ਕੋਰੋਨਾਵਾਇਰਸ ਦੇ ਨਾ ਵਰਤੇ ਗਏ ਪੰਜ ਟੀਕੇ ਮਿਲੇ ਸਨ। ਸਟਾਫ ਤੋਂ ਪੁੱਛਗਿੱਛ ਕਰਨ ਅਤੇ ਵੈਕਸੀਨ ਲੌਗਸ ਦੀ ਜਬਰਦਸਤ ਸਮੀਖਿਆ ਅਤੇ ਇਲੈਕਟ੍ਰਾਨਿਕ ਦਸਤਾਵੇਜ਼ਾਂ ਦੀ ਇਹ ਪਤਾ ਲਾਉਣ ਲਈ ਚੈਕਿੰਗ ਕੀਤੀ ਗਈ ਕਿ ਇਹ ਫਰਕ ਕਿਵੇਂ ਆਇਆ ਹੋ ਸਕਦਾ ਹੈ। ਸੇਲੀਨ ਵਾਟਰ ਡਿਲੂਐਂਟ ਟੀਕਾ ਨਿਰਮਾਣਕਾਰ ਨੇ ਇਕ ਵੱਖਰੇ ਵਾਇਰਲ ਲਈ ਮੁਹੱਈਆ ਕੀਤਾ ਸੀ ਅਤੇ ਬਾਅਦ ਵਿਚ ਇਕ ਹੈਲਥ ਕੇਅਰ ਪ੍ਰੋਵਾਈਡਰ ਨੇ ਕਿਸੇ ਦੇ ਟੀਕਾ ਲਗਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਰਲਗੱਡ ਕਰ ਦਿੱਤਾ ਸੀ। ਭਾਵੇਂ ਪੰਜ ਨੂੰ ਫਾਈਜ਼ਰ ਦਾ ਪਹਿਲਾ ਟੀਕਾ ਲੱਗ ਗਿਆ ਸੀ ਅਤੇ ਉਨ੍ਹਾਂ ਦੇ ਦੂਸਰਾ ਟੀਕਾ 21ਵੇਂ ਦਿਨ ਜਾਂ ਉਸ ਤੋਂ ਬਾਅਦ ਲੱਗਣਾ ਸੀ ਪਰ ਉਨ੍ਹਾਂ ਵਿਚ ਟੀਕੇ ਦੀ ਕਮੀ ਨੂੰ ਪੂਰਾ ਕਰਨ ਦੀ ਗੱਲ ਯਕੀਨੀ ਬਣਾਉਣ ਲਈ ਇਕ ਹੁਣ ਖੁਰਾਕ ਦੀ ਪੇਸ਼ਕਸ਼ ਕੀਤੀ ਜਾਵੇਗੀ। ਏਐੱਚਐੱਸ ਨੇ ਕਿਹਾ ਕਿ ਤੀਸਰੇ ਟੀਕਾ ਲਗਾਉਣ ਬਾਰੇਖੋਜ



ਚਲ ਰਹੀ ਹੈ। ਉਨ੍ਹਾਂ ਪੰਜ ਵਿਅਕਤੀਆਂ ਨੂੰ ਤੀਸਰੀ ਖੁਰਾਕ ਮਿਲਣ ਨਾਲ ਉਨ੍ਹਾਂ ਦੀ ਸਿਹਤ 'ਤੇ ਕੋਈ ਮਾੜਾ ਅਸਰ ਨਹੀਂ ਪੈਂਦਾ। ਅਲਬਰਟਾ ਨੇ ਹੁਣ ਤਕ ਕੋਵਿਡ-19 ਦੀਆਂ 2.2 ਮਿਲੀਅਨ ਤੋਂ ਵੀ ਜ਼ਿਆਦਾ ਖੁਰਾਕਾਂ ਲੋਕਾਂ ਨੂੰ ਦਿੱਤੀਆਂ ਅਤੇ ਇਨ੍ਹਾਂ ਵਿਚ 329613 ਵਿਅਕਤੀਆਂ ਦੀ ਦੂਸਰੀ ਖੁਰਾਕ ਵੀ ਸ਼ਾਮਿਲ ਹੈ।

ਸ. ਮੈਹਿੰਗਾ ਸਿੰਘ ਸਰਾਫ ਮੁੱਲਾਂਪੁਰ ਵਾਲੇ

S & S
Jewellers Ltd.



Authorized Dealer
20% OFF SEIKO, PULSAR
ALL Watches
(3 Yrs Limited Warranty)

Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off



Surjit S. Kanda * Avtar S. Kanda
604.582.5849
9269 - 120 St. Delta BC V4C 6R8

DAY AND NIGHT LABOUR LTD.

ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਮੈਰੂਆਨਾ ਤੋੜਣ, ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ। ਸਿਰਫ ਪੀ.ਆਰ. ਹੋਲਡਰ, ਓਪਨ ਵਰਕ ਪਰਮਿਟ ਜਾਂ ਵੈਕੇਸ਼ਨ ਵਾਲੇ ਸਟੂਡੈਂਟਸ (ਲੜਕੇ) ਹੀ ਸੰਪਰਕ ਕਰਨ।
- ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।

ਸੰਪਰਕ– ਸੰਨੀ ਸੰਧਰ 604-727-2421


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF
Berber Installed
Textured Saxony Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From .78 cent
Berber
Starts From .78 cent
Area Rug (5x8)
Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
Ashok
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Perry
SURREY / DELTA
8385 - 120th Street
604-572-8788
Monday to Saturday
9:00-5:30
Sunday Closed
Butch
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00

# ਕੈਲ ਦੋਸਾਂਝ ਨੂੰ ਬੀਸੀ ਅਚੀਵਮੈਂਟ ਫਾਊਂਡੇਸ਼ਨ ਕਮਿਊਨਿਟੀ ਪੁਰਸਕਾਰ

ਵਿਕਟੋਰੀਆ-ਇਸ ਹਫ਼ਤੇ ਕੈਲ ਦੋਸਾਂਝ ਨੂੰ 18ਵਾਂ ਸਾਲਾਨਾ ਬੀਸੀ ਅਚੀਵਮੈਂਟ ਫਾਊਂਡੇਸਨ ਪੁਰਸਕਾਰ ਮਿਲਿਆ ਹੈ। ਇਹ ਪੁਰਸਕਾਰ ਸਾਡੇ ਸਾਰੇ ਕਮਾਲ ਦੇ ਕਿਡਸਪਲੇਅ ਵਲੰਟੀਅਰਾਂ, ਹੈਰਾਨੀਜਨਕ ਸਪਾਂਸਰਾਂ ਅਤੇ ਕਮਿਊਨਿਟੀ ਭਾਈਵਾਲਾਂ ਦੇ ਕੰਮ ਦਾ ਸਿੱਟਾ ਹੈ। ਉਨ੍ਹਾਂ ਦੀ ਸਹਾਇਤਾ ਅਤੇ ਕਮਿਊਨਿਟੀ ਦੀ ਨਿਰਸਵਾਰਥ ਸੇਵਾ ਪ੍ਰਤੀ ਵਚਨਬੱਧਤਾ 70 ਹਜ਼ਾਰ ਤੋਂ



ਵੱਧ ਨੌਜਵਾਨਾਂ ਲਈ ਮੁਫਤ ਸਿੱਖਿਆ ਤੇ ਖੇਡ ਪ੍ਰੋਗਰਾਮਾਂ ਵਿਚ ਮਦਦ ਸਾਡੀ ਸਫਲਤਾ ਦਾ ਆਧਾਰ ਬਣੀ ਹੈ।

# ਪੁਲਿਸ ਵਲੋਂ ਔਰਤ ਨਾਲ ਛੇੜਖਾਨੀ ਮਾਮਲੇ ਦੀ ਜਾਂਚ


ਵੈਨਕੂਵਰ-ਮਾਰਚ ਮਹੀਨੇ ਵੈਨਕੂਵਰ ਦੇ ਗੈਸਟਾਊਨ ਵਿਚ ਇਕ ਔਰਤ ਨੂੰ ਕਥਿਤ ਰੂਪ ਵਿਚ ਪਿੱਛੋਂ ਫੜਨ ਵਾਲੇ ਵਿਅਕਤੀ ਦੀ ਪਛਾਣ ਲਈ ਪੁਲਿਸ ਜਨਤਾ ਨੂੰ ਮਦਦ ਕਰਨ ਲਈ ਕਹਿ ਰਹੀ ਹੈ। ਔਰਤ 27 ਮਾਰਚ ਨੂੰ ਸਵੇਰੇ 9.15 ਵਜੇ ਮੇਨ ਐਂਡ ਈਸਟ ਕੋਰਡੋਵਾ ਸਟਰੀਟਸ ਨੇੜੇ ਆਪਣੇ ਕੰਮ ਤੋਂ ਜਾ ਰਹੀ ਸੀ ਜਦੋਂ ਉਸ ਨੂੰ ਕਥਿਤ ਰੂਪ ਵਿਚ ਪਿੱਛੋਂ ਫੜ ਲਿਆ। ਸ਼ੁੱਕਰਵਾਰ ਪੁਲਿਸ ਨੇ ਸ਼ੱਕੀ ਦੀ ਤਸਵੀਰ ਜਾਰੀ ਕੀਤੀ ਹੈ ਜਿਸ ਦੀ ਔਰਤ ਨੇ ਉਸ ਦੇ ਪਰ੍ਹੇ ਜਾਣ ਤੋਂ ਪਹਿਲਾਂ ਖਿੱਚ ਲਈ ਸੀ। ਕੰਸਟੇਬਲ ਤਾਨੀਆ ਵਿਸਿਨਟਿਨ ਨੇ ਕਿਹਾ ਕਿ ਬਿਨ੍ਹਾਂ ਸ਼ੱਕ ਔਰਤ ਨਾਲ ਇਸ ਤਰ੍ਹਾਂ ਦਾ ਨਿਰਾਦਰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਅਧਿਕਾਰੀ ਉਸ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਸ਼ੱਕੀ ਦੀ ਭਾਲ ਕਰ ਰਹੇ ਹਨ ਅਤੇ ਜਨਤਾ ਨੂੰ ਮਦਦ ਕਰਨ ਲਈ ਆਖ ਰਹੇ ਹਨ।

# ਗੈਂਗ ਹਿੰਸਾ ਦਾ ਮੁਕਾਬਲਾ ਕਰਨ ਲਈ ਮੈਟਰੋ ਵੈਨਕੂਵਰ ਕਰਾਈਮ ਸਟਾਪਰਾਂ ਨੂੰ ਮਿਲੇਗਾ ਨਵਾਂ ਫੰਡ

ਵੈਨਕੂਵਰ-ਬੀਸੀ ਸਰਕਾਰ ਅਪਰਾਧ ਹੱਲ ਕਰਨ ਅਤੇ ਗੈਂਗ ਹਿੰਸਾ ਘਟਾਉਣ ਦੀ ਕੋਸ਼ਿਸ਼ ਵਿਚ ਮੈਟਰੋ ਵੈਨਕੂਵਰ ਕਰਾਈਮ ਸਟਾਪਰਾਂ ਨੂੰ ਨਵਾਂ ਫੰਡ ਮੁਹੱਈਆ ਕਰ ਰਹੀ ਹੈ। ਇਸ ਦਾ ਐਲਾਨ ਸੋਮਵਾਰ ਸਵੇਰੇ 9.30 ਵਜੇ ਕੀਤੇ ਜਾਣ ਦੀ ਆਸ ਹੈ। ਇਹ ਪੈਸਾ ਗੈਂਗਾਂ ਅਤੇ ਗੈਰਕਾਨੂੰਨੀ ਹਥਿਆਰਾਂ ਦੇ ਅਪਰਾਧਾਂ ਬਾਰੇ ਗੁਪਤ ਸੁਝਾਅ ਦੇਣ ਬਾਰੇ ਉਤਸ਼ਾਹਿਤ ਕਰਨ ਲਈ ਜਾਗਰੂਕਤਾ ਮੁਹਿੰਮ ਨੂੰ ਮੁੜਸੁਰਜੀਤ ਕਰਨ 'ਤੇ ਖਰਚਿਆ ਜਾਵੇਗਾ।

# ਬ੍ਰਿਟਿਸ਼ ਕੋਲੰਬੀਅਨ ਵਾਸੀਆਂ ਨੂੰ ਬੀ.1.617 ਵੈਰੀਐਂਟ ਦੇ ਵੱਡੇ ਪੱਧਰ 'ਤੇ ਫੈਲਣ ਬਾਰੇ ਜਾਣਕਾਰੀ ਨਹੀਂ

ਵਿਕਟੋਰੀਆ-10 ਮਈ ਨੂੰ ਵਿਸ਼ਵ ਸਿਹਤ ਸੰਗਠਨ ਨੇ ਬੀ.1.617 ਨੂੰ ਵੈਰੀਐਂਟ ਆਫ ਇੰਟਰੈਸਟ ਤੋਂ ਅਪਗਰੇਡ ਕਰਕੇ ਵੈਰੀਐਂਟ ਆਫ ਕਨਸਰਨ ਕਰ ਦਿੱਤਾ ਹੈ। ਇਹ ਉਸ ਸਮੇਂ ਕੀਤਾ ਜਦੋਂ ਮਿਊਟੇਸ਼ਨ ਨੇ ਭਾਰਤ ਵਿਚ ਤਬਾਹੀ ਮਚਾਈ, ਹਰ ਰੋਜ਼ ਇਸ ਦੇ ਹਜ਼ਾਰਾਂ ਮਾਮਲੇ ਆ ਰਹੇ ਹਨ ਅਤੇ ਇਹ ਵੈਰੀਐਂਟ ਮਾਰਚ ਤੋਂ ਫੈਲਣਾ ਸ਼ੁਰੂ ਹੋਇਆ ਜਿਸ ਕਾਰਨ ਮਰੀਜ਼ਾਂ ਨਾਲ ਹਸਪਤਾਲ ਭਰ ਗਏ। ਮਹਾਂਮਾਰੀ ਵਿਗਿਆਨੀਆਂ ਨੇ ਵੀ ਇਹ ਚਿੰਤਾ ਜ਼ਾਹਿਰ ਕੀਤੀ ਹੈ ਕਿ ਭਾਰਤ ਵਿਚ ਵੱਡੇ ਪੱਧਰ 'ਤੇ ਫੈਲੀ ਬਿਮਾਰੀ ਕਾਰਨ ਵਾਇਰਸ ਦੇ ਹੋਰ ਮਿਊਟੇਸ਼ਨਸ ਹੋ ਸਕਦੇ ਹਨ ਜਿਸ ਨਾਲ ਭਾਰਤ ਤੇ ਬਾਕੀ ਦੁਨੀਆ ਲਈ ਬਿਪਤਾ ਸੰਭਾਵਤ ਲੰਬੀ ਹੋ ਸਕਦੀ ਹੈ। ਬੀਸੀ ਵਿਚ ਇਹ ਵੈਰੀਐਂਟ ਘੱਟੋ ਘੱਟ ਅਪ੍ਰੈਲ ਦੇ ਸ਼ੁਰੂ ਤੋਂ ਹੈ। 21 ਅਪ੍ਰੈਲ ਨੂੰ ਸੂਬਾ ਸਿਹਤ ਅਫਸਰ ਡਾ. ਬੋਨੀ ਹੈਨਰੀ ਨੇ ਦੱਸਿਆ ਸੀ ਕਿ ਕੋਵਿਡ-19 ਦੇ ਪਾਜ਼ੇਟਿਵ ਟੈਸਟ ਨਤੀਜਿਆਂ ਦੇ ਜੀਨਾਮ



ਸੀਕੁਐਂਸਿੰਗ ਰਾਹੀਂ ਬੀਸੀ ਵਿਚ ਬੀ.1.617 ਦੇ 39 ਮਾਮਲਿਆਂ ਦੀ ਪਛਾਣ ਕੀਤੀ ਗਈ ਹੈ। ਸਿਹਤ ਮੰਤਰੀ ਐਡਰੀਅਨ ਡਿਕਸ ਨੇ ਉਸ ਸਮੇਂ ਕਿਹਾ ਸੀ ਕਿ ਭਾਰਤ ਤੋਂ ਬਹੁਤ ਜ਼ਿਆਦਾ ਛੂਤ ਵਾਲੀ ਲਾਗ ਦਾ ਪਹੁੰਚਣਾ ਚਿੰਤਾ ਵਾਲੀ ਗੱਲ ਹੈ। ਹੈਨਰੀ ਨੇ ਕਿਹਾ ਕਿ ਇਨ੍ਹਾਂ ਮਾਮਲਿਆਂ ਦੀ ਪਛਾਣ ਅਪ੍ਰੈਲ ਦੇ ਸ਼ੁਰੂ ਵਿਚ ਕਰ ਲਈ ਸੀ ਪਰ ਰਿਪੋਰਟ ਨਹੀਂ ਕੀਤੀ ਗਈ ਕਿਉਂਕਿ ਬੀ..1.617 ਉਸ ਵਕਤ ਵੈਰੀਐਂਟ ਆਫ ਇੰਟਰੈਸਟ ਸੀ। ਹੈਨਰੀ ਨੇ ਉਸ ਪਿੱਛੋਂ ਬੀ.1.617 ਮਾਮਲੇ ਦੀ ਕੋਈ ਅਪਡੇਟ ਨਹੀਂ ਦਿੱਤੀ। ਬੀਸੀ ਵਿਚ ਵੀਕਐਂਡ 'ਤੇ ਕੋਵਿਡ-19 ਬਾਰੇ ਕੋਈ ਅਪਡੇਟ ਨਹੀਂ ਦਿੱਤੀ ਗਈ। ਬੀਸੀ ਕੈਨੇਡਾ ਦਾ ਇਕੋ ਇਕ ਸੂਬਾ ਹੈ ਜਿਹੜਾ ਹਫ਼ਤੇ ਵਿਚ ਪੰਜ ਦਿਨ ਡਾਟਾ ਮੁਹੱਈਆ ਕਰਦਾ ਹੈ। ਬੀ.1.1617 ਤੋਂ ਇਲਾਵਾ ਚਾਰ ਨਵੇਂ ਵੈਰੀਐਂਟ ਆਫ ਕਨਸਰਨ ਬੀਸੀ ਵਿਚ ਘੁੰਮ ਰਹੇ ਹਨ।

# ਦਿੱਲੀ ਹਾਈਕੋਰਟ ਵੱਲੋਂ ਸਿਆਸਤਦਾਨਾਂ ਤੇ ਨੌਕਰਸ਼ਾਹਾਂ ਦੇ ਵਿਵਹਾਰ ਖਿਲਾਫ ਸਖਤ ਟਿਪਣੀ

ਨਵੀਂ ਦਿੱਲੀ-ਦਿੱਲੀ ਹਾਈ ਕੋਰਟ ਨੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਸਿਆਸਤਦਾਨ ਤੇ ਨੌਕਰਸ਼ਾਹ ਆਪਣੀ ਨਾਕਾਮੀ ਕਬੂਲ ਕਰਨ ਵਿਚ ਔਖ ਮਹਿਸੂਸ ਕਰਦੇ ਹਨ ਕਿਉਂਕਿ ਇਹ ਉਨ੍ਹਾਂ ਦੀਆਂ ਰਗਾਂ 'ਚ ਨਹੀਂ ਹੈ। ਹਾਈ ਕੋਰਟ ਨੇ ਇਹ ਟਿੱਪਣੀ ਨਿਆਂਪਾਲਿਕਾ 'ਚ ਹੇਠਲੇ ਪੱਧਰਾਂ ਉਤੇ ਕੰਮ ਕਰ ਰਹੇ ਅਧਿਕਾਰੀਆਂ ਬਾਰੇ ਚਿੰਤਾ ਜ਼ਾਹਿਰ ਕਰਦਿਆਂ ਕੀਤੀ ਜੋ ਕਿ ਕੋਵਿਡ ਦੇ ਜੋਖ਼ਮ ਦੇ ਬਾਵਜੂਦ ਕੰਮ ਕਰ ਰਹੇ ਹਨ। ਹਾਈ ਕੋਰਟ ਨੇ ਕਿਹਾ ਕਿ ਤਿੰਨ ਜੁਡੀਸ਼ੀਅਲ ਅਧਿਕਾਰੀਆਂ ਦੀ ਦਿੱਲੀ ਵਿਚ ਪਹਿਲਾਂ ਹੀ ਵਾਇਰਸ ਕਾਰਨ ਮੌਤ ਹੋ ਚੁੱਕੀ ਹੈ। ਅਦਾਲਤ ਨੇ ਕਿਹਾ ਕਿ ਇਨ੍ਹਾਂ ਅਧਿਕਾਰੀਆਂ ਨੂੰ ਵੀ ਫਰੰਟਲਾਈਨ ਵਰਕਰਾਂ ਦਾ ਦਰਜਾ ਦੇਣਾ ਚਾਹੀਦਾ ਹੈ ਜਿਵੇਂ ਹਥਿਆਰਬੰਦ ਬਲਾਂ ਤੇ ਪੁਲੀਸ ਕਰਮੀਆਂ ਨੂੰ ਦਿੱਤਾ ਗਿਆ ਹੈ। ਅਦਾਲਤ ਨੇ ਕਿਹਾ ਕਿ ਸੁਪਰੀਮ ਕੋਰਟ ਤੇ ਹਾਈ ਕੋਰਟ ਵਿਚ ਜੱਜ ਸੰਵਿਧਾਨਕ ਅਹੁਦਿਆਂ 'ਤੇ ਹਨ, ਉਨ੍ਹਾਂ ਦੇ ਪ੍ਰੋਟੋਕੋਲ ਵੱਖਰੇ ਹਨ ਪਰ ਹੇਠਲੀ ਨਿਆਂਪਾਲਿਕਾ 'ਤੇ ਇਹ ਸਭ ਲਾਗੂ ਨਹੀਂ ਹੁੰਦਾ। ਜੁਡੀਸ਼ੀਅਲ ਅਧਿਕਾਰੀਆਂ ਦਾ ਵਾਹ ਲੋਕਾਂ ਨਾਲ ਹੋਰ ਢੰਗ ਨਾਲ ਪੈਂਦਾ ਹੈ ਤੇ ਸਰਕਾਰ ਨੂੰ ਚੰਗੇ ਕਾਰਨਾਂ ਖਾਤਰ ਕਦਮ ਚੁੱਕਣੇ ਚਾਹੀਦੇ ਹਨ। ਦਿੱਲੀ ਜੁਡੀਸ਼ੀਅਲ ਸਰਵਿਸ ਐਸੋਸੀਏਸ਼ਨ ਵੱਲੋਂ ਪੇਸ਼ ਹੋਏ ਵਕੀਲ ਦਿਆਲ ਕ੍ਰਿਸ਼ਨਨ ਨੇ ਕਿਹਾ ਕਿ ਐਮਰਜੈਂਸੀ ਹਾਲਤਾਂ ਵਿਚ ਦਿੱਲੀ ਸਰਕਾਰ ਨੂੰ ਨੋਡਲ ਅਫ਼ਸਰ ਨਿਯੁਕਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 852 ਜੁਡੀਸ਼ੀਅਲ ਅਫ਼ਸਰ ਤੇ ਸਟਾਫ਼ ਹੁਣ ਤੱਕ ਕੋਵਿਡ ਦੀ ਲਪੇਟ ਵਿਚ ਆ ਚੁੱਕੇ ਹਨ। ਦਿੱਲੀ ਸਰਕਾਰ ਦੇ ਵਕੀਲ ਨੇ ਕਿਹਾ ਕਿ ਰਾਜ ਜੁਡੀਸ਼ੀਅਲ ਅਧਿਕਾਰੀਆਂ ਨੂੰ 'ਫਰੰਟਲਾਈਨ ਵਰਕਰਾਂ' ਦੇ ਘੇਰੇ ਵਿਚ ਲਿਆਉਣ 'ਤੇ ਵਿਚਾਰ ਕਰੇਗਾ।

# ਇੰਗਲਿਸ਼ ਹਿਲਸਾਈਡ ਉਪਰ ਨਿਰਵਸਤਰ ਦਿਉਕੱਦ ਕਲਾਕ੍ਰਿਤੀ ਪ੍ਰਾਚੀਨ ਨਹੀਂ ਮੱਧਯੁਗ ਦੀ ਹੈ

ਲੰਡਨ-ਇੰਗਲਿਸ਼ ਹਿਲਸਾਈਡ 'ਤੇ ਨੰਗੀ ਦਿਉਕੱਦ ਤਰਾਸ਼ੀ ਪ੍ਰਾਚੀਨ ਨਹੀਂ ਸਗੋਂ ਮੱਧਯੁੱਗ ਦੀ ਹੈ। ਇਸ ਤਰਾਸ਼ੀ ਨੂੰ 1000 ਸਾਲ ਤੋਂ ਵੀ ਜ਼ਿਆਦਾ ਸਮਾਂ ਹੋ ਗਿਆ ਪਰ ਉਹ ਅਜੇ ਵੀ ਖਿੱਚ ਦਾ ਕਾਰਨ ਬਣੀ ਹੋਈ ਹੈ। ਸਦੀਆਂ ਦੇ ਪ੍ਰਸ਼ਨਾਂ ਤੋਂ ਬਾਅਦ ਹਾਲ ਹੀ ਵਿਚ ਪਤਾ ਲੱਗਾ ਹੈ ਕਿ ਸੇਰਨ ਆਬਾਸ ਦਿਉਕੱਦ 10ਵੀਂ ਸ਼ਤਾਬਦੀ ਵਿਚ ਸਥਾਪਤ ਕੀਤਾ ਗਿਆ ਸੀ ਨਾ ਕਿ ਲੋਹਾ ਜਾਂ ਕਾਂਸੀ ਯੁੱਗਾਂ ਵਿਚ ਜਿਵੇਂ ਕੁਝ ਵਿਸ਼ਵਾਸ਼ ਕਰਦੇ ਹਨ। ਸਟੇਟ ਆਫ ਆਰਟ ਤਲਛਟ ਦੀ ਵਰਤੋਂ ਕਰਨ ਵਾਲੇ ਖੋਜੀਆਂ ਨੇ ਵਿਸ਼ਲੇਸ਼ਣ ਵਿਚ ਚਾਕ ਦੇ ਸਭ ਤੋਂ ਡੂੰਘੇ ਪੱਧਰ 'ਤੇ ਸੂਖਮ ਘੋਗੇ ਪਾਏ ਹਨ ਅਤੇ ਇਹ ਘੋਗੇ ਬਾਹਰੀ ਖਾਈਆਂ ਵਿਚ ਭਰੇ ਹੋਏ ਹਨ ਅਤੇ ਇਹ ਘੋਗੇ ਦੇਸ਼ ਵਿਚ ਕੇਵਲ ਮੱਧਯੁੱਗ ਦੇ ਸਾਲਾਂ ਵਿਚ ਪੇਸ਼ ਕੀਤੇ ਗਏ ਸਨ। ਇੰਗਲੈਂਡ ਦੇ ਦੱਖਣ ਵਿਚ ਹਿਲਸਾਈਡ 'ਤੇ 55 ਮੀਟਰ ਲੰਬਾ ਵਿਅਕਤੀ ਤਰਾਸ਼ਿਆ ਹੋਇਆ ਅਤੇ ਉਸ ਦਾ ਲਿੰਗ ਪੂਰੀ ਤਰ੍ਹਾਂ ਪ੍ਰਦਰਸ਼ਤ ਕੀਤਾ ਹੋਇਆ ਹੈ।

# ਗੰਭੀਰ ਸਮੱਸਿਆ ਬਣੀ ਗੋਲਡਨ ਗੇਟ ਬਰਿਜ ਦੀ ਗੂੰਜ

ਸੈਨਫਰਾਂਸਿਸਕੋ-ਗੋਲਡਨ ਗੇਟ ਬਰਿਜ ਤੰਗ ਕਾਰਨ ਵਾਲੀ ਉੱਚੀ ਗੂੰਜ ਨਾਲ ਸੈਨਫਰਾਂਸਿਸਕੋ ਵਾਸੀਆਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ ਅਤੇ ਇਹ ਖੜਾਕ ਮੀਲਾਂ ਦੂਰ ਤਕ ਸੁਣੀ ਜਾ ਸਕਦੀ ਹੈ ਅਤੇ ਇੰਜਨੀਅਰ ਪੈਦਾ ਹੋ ਰਹੇ ਖੜਾਕ ਨੂੰ ਮੁੜ ਤੋਂ ਬੰਦ ਕਰਨ ਲਈ ਸੰਘਰਸ਼ ਕਰ ਰਹੇ ਹਨ। ਡਰਾਉਣੀ ਆਵਾਜ਼ ਨੂੰ ਸੋਸ਼ਲ ਮੀਡੀਆ 'ਤੇ ਦੋਵੇਂ ਤਰ੍ਹਾਂ ਸਵਰਗੀ ਦੂਤ ਅਤੇ ਤਸੀਹੇ ਵਜੋਂ ਦੱਸਿਆ ਜਾ ਰਿਹਾ ਹੈ। ਸੈਨਫਰਾਂਸਿਸਕੋ ਕਰੋਂਕਿਲ ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਪਿਛਲੇ ਸਾਲ ਸੁਰੱਖਿਆ ਇਹਤਿਆਤ ਵਜੋਂ ਪੁੱਲ ਦੀ ਪੱਛਮੀ ਰੇਲਿੰਗ ਵਿਚ 12000 ਸਲੇਟਸ ਸ਼ਾਮਿਲ ਕੀਤੀਆਂ ਗਈਆਂ ਸਨ।









# ਡੇਰਾ ਸਿਰਸਾ ਮੁਖੀ ਦੀ ਰਿਹਾਈ ਤੇ ਦਲਿਤ ਮੁੱਖ ਮੰਤਰੀ ਬਣਾਉਣ ਦੀ ਅਰਦਾਸ ਕਰਨ ਵਾਲਾ ਗਰੰਥੀ ਗ੍ਰਿਫ਼ਤਾਰ

ਬਠਿੰਡਾ-ਬਠਿੰਡਾ ਦੇ ਬੀੜ ਤਲਾਬ ਗੁਰੂ ਘਰ ਵਿੱਚ ਡੇਰਾ ਸਿਰਸਾ ਦੇ ਮੁਖੀ ਦੀ ਜੇਲ੍ਹ 'ਚੋਂ ਰਿਹਾਈ, ਦਲਿਤਾਂ ਦਾ ਮੁੱਖ ਮੰਤਰੀ ਬਣਾਉਣ ਅਤੇ ਦਲਿਤਾਂ 'ਤੇ ਹੁੰਦੇ 'ਅੱਤਿਆਚਾਰ', ਪ੍ਰਧਾਨ ਮੰਤਰੀ ਦਾ ਦਲਿਤ ਮੁੱਖ ਮੰਤਰੀ ਬਣਾਉਣ ਦਾ 'ਸੁਪਨਾ' ਪੂਰਾ ਕਰਨ ਬਾਰੇ ਅਰਦਾਸ ਕੀਤੀ ਗਈ। ਅਰਦਾਸ ਵਿਚ ਅਕਾਲੀ ਦਲ ਦੀ ਕਾਰਗੁਜ਼ਾਰੀ 'ਤੇ ਉਂਗਲ ਚੁੱਕਦਿਆਂ ਕਈ ਗੱਲਾਂ ਕਹੀਆਂ ਗਈਆਂ ਤੇ ਪ੍ਰਧਾਨ ਮੰਤਰੀ ਦੀ ਸ਼ਲਾਘਾ ਕੀਤੀ ਗਈ। ਹਾਲਾਂਕਿ ਅਰਦਾਸ ਤੋਂ ਬਾਅਦ ਐੱਸਐੱਸਪੀ ਬਠਿੰਡਾ ਦੇ ਹੁਕਮਾਂ ਤਹਿਤ ਥਾਣਾ ਸਦਰ ਬਠਿੰਡਾ ਵਿੱਚ ਅਰਦਾਸ ਕਰਨ ਵਾਲੇ ਪਾਠੀ ਗੁਰਮੇਲ ਸਿੰਘ ਪੁੱਤਰ ਨਾਜ਼ਰ ਸਿੰਘ, ਵਾਸੀ ਬਸਤੀ ਨੰਬਰ 4, ਬੀੜ ਤਲਾਬ 'ਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਤਹਿਤ ਆਈ ਪੀ ਸੀ ਦੀ ਧਾਰਾ 295-ਏ ਤਹਿਤ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਜਿਸ ਨੂੰ ਸ਼ੁੱਕਰਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। 'ਪੰਜਾਬੀ ਟ੍ਰਿਬਿਊਨ' ਕੋਲ ਮੌਜੂਦ ਅਰਦਾਸ ਵਾਲੀ ਵੀਡੀਓ ਵਿੱਚ ਨਿਹੰਗ ਬਾਣੇ 'ਚ ਸਜਿਆ ਇਕ ਵਿਅਕਤੀ ਗੁਰੂ ਘਰ ਵਿਚ ਅਰਦਾਸ ਕਰ ਰਿਹਾ ਹੈ।


BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC



MORTGAGES + PRIVATE LOANS
BUY, SELL & MORTGAGE
WITH US & RECEIVE UP TO
$20,000*
CASH BACK OR DISCOUNT
SPECIAL OFFER FOR FIRST TIME BUYERS
PLEASE CALL US FOR CASH BACK & SPECIAL RATES PACKAGE AND SAVE $$$

BHAJAN ATWAL
604-773-8426
*SOME CONDITIONS APPLY. FULLY SUPPORTED : CENTUM FINANCIAL & CITY2CITY REAL ESTATE SERVICES


# ਅਮਿਤਾਭ ਬਚਨ ਵੱਲੋਂ ਸਿੰਘ ਸਾਹਿਬ ਨੂੰ ਭੇਜੇ ਗਏ ਸਪੱਸ਼ਟੀਕਰਣ ਦੀ ਮੁੜ ਚਰਚਾ

ਅੰਮ੍ਰਿਤਸਰ-ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਰੋੜਾਂ ਰੁਪਏ ਦਾਨ ਦੇਣ ਦੇ ਮਾਮਲੇ ਵਿੱਚ ਵਿਵਾਦ ਦਾ ਵਿਸ਼ਾ ਬਣੇ ਅਮਿਤਾਭ ਬੱਚਨ ਦਾ ਨਵੰਬਰ 2011 ਵਿੱਚ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਨੂੰ ਭੇਜਿਆ ਪੱਤਰ ਸੋਸ਼ਲ ਮੀਡੀਆ 'ਤੇ ਮੁੜ ਵਾਇਰਲ ਹੋ ਗਿਆ ਹੈ। ਪੱਤਰ ਵਿੱਚ ਉਸ ਨੇ ਸਿੱਖ ਕਤਲੇਆਮ ਬਾਰੇ ਲੱਗ ਰਹੇ ਦੋਸ਼ਾਂ ਦਾ ਸਪੱਸ਼ਟੀਕਰਨ ਦਿੱਤਾ ਸੀ। ਅੱਜ ਅਕਾਲ ਤਖ਼ਤ 'ਤੇ ਕੁੱਝ ਹੋਰ ਪੱਤਰ ਪੁੱਜੇ ਹਨ, ਜਿਨ੍ਹਾਂ ਵਿਚ ਅਦਾਕਾਰ ਵੱਲੋਂ ਦਿੱਤੇ ਗਏ ਦੋ ਕਰੋੜ ਰੁਪਏ ਨੂੰ ਸਵੀਕਾਰਨਾ ਜਾਇਜ਼ ਦੱਸਿਆ ਗਿਆ ਹੈ। ਇਸ ਸਬੰਧੀ ਅੱਜ ਸ਼ਹੀਦ ਕੇਹਰ ਸਿੰਘ ਦੇ ਬੇਟੇ ਚਰਨਜੀਤ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਐੱਸਸੀ ਵਿੰਗ ਦੇ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਚੰਨਣ ਸਿੰਘ ਜੋਧਪੁਰੀ ਨੇ ਅਕਾਲ ਤਖ਼ਤ 'ਤੇ ਵੱਖ-ਵੱਖ ਪੱਤਰ ਸੌਂਪ ਕੇ ਦਿੱਲੀ ਕਮੇਟੀ ਦੇ ਮਨੁੱਖਤਾ ਦੀ ਭਲਾਈ ਸਬੰਧੀ ਕੰਮਾਂ ਵਿਚ ਵਿਘਨ ਪਾਉਣ ਵਾਲਿਆਂ ਖ਼ਿਲਾਫ਼ ਕਾਰਵਾਈ ਕਰਨ ਦੀ ਅਪੀਲ ਕੀਤੀ। ਜ਼ਿਕਰਯੋਗ ਹੈ ਕਿ ਬੀਤੇ ਦਿਨ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ, ਸਿੱਖ ਕਤਲੇਆਮ ਦੇ ਪੀੜਤ ਬਾਬੂ ਸਿੰਘ ਦੁਖੀਆ, ਨਿਰਪ੍ਰੀਤ ਕੌਰ ਅਤੇ ਹੋਰਨਾਂ ਵੱਲੋਂ ਦਿੱਲੀ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਖ਼ਿਲਾਫ਼ ਪੱਤਰ ਦੇ ਕੇ ਕਾਰਵਾਈ ਦੀ ਮੰਗ ਕੀਤੀ ਗਈ ਸੀ। ਇਨ੍ਹਾਂ ਵੱਲੋਂ ਅਮਿਤਾਭ ਬੱਚਨ ਕੋਲੋਂ ਮਾਇਕ ਮਦਦ ਲੈਣ ਦਾ ਵਿਰੋਧ ਕੀਤਾ ਜਾ ਰਿਹਾ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਅਮਿਤਾਭ ਬੱਚਨ ਦੇ ਪੁਰਾਣੇ ਪੱਤਰ ਵਿਚ ਉਸ ਨੇ ਸਿੱਖ ਕਤਲੇਆਮ ਸਬੰਧੀ ਲੱਗ ਰਹੇ ਦੋਸ਼ ਨਕਾਰੇ ਅਤੇ ਬੇਬੁਨਿਆਦ ਕਰਾਰ ਦਿੱਤੇ ਹਨ। ਉਸ ਨੇ ਇਹ ਪੱਤਰ 28 ਨਵੰਬਰ 2011 ਨੂੰ ਮੁੰਬਈ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰਦਰ ਸਿੰਘ ਬਾਵਾ ਰਾਹੀਂ ਅਕਾਲ ਤਖ਼ਤ ਦੇ ਤਤਕਾਲੀ ਜਥੇਦਾਰ ਨੂੰ ਭੇਜਿਆ ਸੀ। ਉਸ ਵੇਲੇ ਉਸ ਨੂੰ ਆਨੰਦਪੁਰ ਸਾਹਿਬ 'ਚ ਬਣੇ ਖਾਲਸਾ ਹੈਰੀਟੇਜ ਦੇ ਉਦਘਾਟਨ ਵੇਲੇ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ ਗਿਆ ਸੀ ਪਰ ਉਸ ਵੇਲੇ ਵੀ ਸਿੱਖ ਕਤਲੇਆਮ ਬਾਰੇ ਲੱਗ ਰਹੇ ਦੋਸ਼ਾਂ ਕਾਰਨ ਉਹ ਉਸ ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਨਹੀਂ ਆਇਆ ਸੀ, ਜਿਸ ਦਾ ਜ਼ਿਕਰ ਉਸ ਨੇ ਇਸ ਪੱਤਰ ਵਿਚ ਵੀ ਕੀਤਾ ਹੈ। ਪੱਤਰ ਵਿੱਚ ਉਸ ਨੇ ਆਪਣੇ ਪਰਿਵਾਰ ਦੇ ਸਿੱਖ ਪਿਛੋਕੜ ਦਾ ਵੀ ਜ਼ਿਕਰ ਕੀਤਾ। ਉਸ ਨੇ ਲਿਖਿਆ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਗਾਂਧੀ ਪਰਿਵਾਰ ਨਾਲ ਉਸ ਦੇ ਪੁਰਾਣੇ ਪਰਿਵਾਰਕ ਸਬੰਧ ਹਨ ਪਰ ਸਿੱਖ ਭਾਈਚਾਰੇ ਦੇ ਕੁਝ ਲੋਕਾਂ ਵੱਲੋਂ ਲਾਏ ਗਏ ਦੋਸ਼ਾਂ ਬਾਰੇ ਉਹ ਕਦੇ ਸੋਚ ਵੀ ਨਹੀਂ ਸਕਦਾ। ਉਸ ਨੇ ਕਿਹਾ ਕਿ ਉਹ ਅਸੂਲਾਂ ਦਾ ਪੱਕਾ ਹੈ ਅਤੇ ਜੇ ਕੋਈ ਗਲਤੀ ਹੋ ਜਾਵੇ ਤਾਂ ਉਸ ਨੂੰ ਸਵੀਕਾਰ ਵੀ ਕਰਦਾ ਹੈ ਪਰ ਇਹ ਸਾਰੇ ਦੋਸ਼ ਬੇਬੁਨਿਆਦ ਹਨ।



# ਕੈਨੇਡਾ ਚੈਂਬਰ ਆਫ ਕਾਮਰਸ ਤੇ ਹੋਰ ਸੰਸਥਾਵਾਂ ਵੱਲੋਂ ਭਾਰਤ ਦੀ ਸਹਾਇਤਾ ਲਈ ਢਾਈ ਕਰੋੜ ਤੋਂ ਉਪਰ ਰਾਸ਼ੀ ਇਕੱਤਰ

ਟੋਰਾਂਟੋ-ਇੰਡੋ-ਕੈਨੇਡਾ ਚੈਂਬਰ ਆਫ਼ ਕਾਮਰਸ (ਆਈਸੀਸੀਸੀ) ਨੇ 82 ਹੋਰ ਜਥੇਬੰਦੀਆਂ ਨਾਲ ਮਿਲ ਕੇ ਕੋਵਿਡ-19 ਦੀ ਦੂਜੀ ਲਹਿਰ ਨਾਲ ਜੂਝ ਰਹੇ ਭਾਰਤ 'ਚ ਆਕਸੀਜਨ ਕੰਸਨਟਰੇਟਰ ਭੇਜਣ ਲਈ 4,40,220 ਕੈਨੇਡਿਆਈ ਡਾਲਰ (2.66 ਕਰੋੜ ਰੁਪਏ) ਇਕੱਤਰ ਕੀਤੇ ਹਨ। ਆਈਸੀਸੀਸੀ ਵੱਲੋਂ ਇਹ ਦਾਨ ਮੁਹਿੰਮ ਅਗਲੇ ਚਾਰ ਹਫ਼ਤਿਆਂ ਤੱਕ ਐਤਵਾਰ ਨੂੰ ਤਿੰਨ ਘੰਟੇ ਤੱਕ ਚੱਲੇਗੀ। ਆਈਸੀਸੀਸੀ ਨੇ ਕਿਹਾ ਕਿ ਆਕਸੀਜਨ ਸਪਲਾਈ ਭਾਰਤ ਦੇ ਟਿਅਰ 2 ਅਤੇ ਟਿਅਰ 3 ਸ਼ਹਿਰਾਂ 'ਚ ਕੀਤੀ ਜਾਵੇਗੀ। ਜਥੇਬੰਦੀ ਵੱਲੋਂ ਬਿਆਨ 'ਚ ਕਿਹਾ ਗਿਆ, "ਅਸੀਂ ਮੰਨਦੇ ਹਾਂ ਕਿ ਇਕੱਲਿਆਂ ਬਹੁਤ ਕੁਝ ਹਾਸਲ ਨਹੀਂ ਕੀਤਾ ਜਾ ਸਕਦਾ ਹੈ ਪਰ ਇਕਜੁੱਟਤਾ ਨਾਲ ਅਸੀਂ ਬਹੁਤ ਕੁਝ ਹਾਸਲ ਕਰ ਸਕਦੇ ਹਾਂ। ਇਸ ਲਈ ਅਸੀਂ ਇਸ ਮਾਨਵੀ ਪਹਿਲ ਤਹਿਤ 82 ਤੋਂ ਵੱਧ ਹੋਰ ਭਾਰਤੀ-ਕੈਨੇਡਿਆਈ ਅਤੇ ਕਮਿਊਨਿਟੀ ਜਥੇਬੰਦੀਆਂ ਨੂੰ ਇਕੱਠੇ ਕਰ ਰਹੇ ਹਾਂ।" ਪਿਛਲੇ ਮਹੀਨੇ ਭਾਰਤੀ ਰੈੱਡਕਰਾਸ ਨੂੰ ਕੋਵਿਡ-19 ਨਾਲ ਸਬੰਧਤ ਐਮਰਜੈਂਸੀ ਕੰਮਾਂ 'ਚ ਸਹਾਇਤਾ ਲਈ ਕੈਨੇਡਿਆਈ ਰੈੱਡਕਰਾਸ ਰਾਹੀਂ ਇਕ ਕਰੋੜ ਡਾਲਰ ਦੇਣ ਦਾ ਐਲਾਨ ਕੀਤਾ ਸੀ।




GLOBAL INSURANCE
"WE SECURE YOUR VALUES"
Specialist in :
• Home Owners • Business
• Farm • Fleet • Prorate
• Cargo • Visitor to Canada
• ICBC Auto • Travel Medical
• Liability • Tenants
• Private Motorcycle • Boat
• Course of Construction
• Commercial Property
• Rental Home • High Value Homes

GULSHARAN S. WALIA HARVINDER WALIA KANWAR (SUNNY) WALIA
• ਘਰ • ਵਿਉਪਾਰ • ਫਾਰਮ • ਫਲੀਟ • ਪਰੋਰੇਟ • ਕਾਰਗੋ
• ਵੈਨ, ਕਾਰ, ਟਰੱਕ • ਟਰੈਵਲ ਮੈਡੀਕਲ
• ਕਿਰਾਏਦਾਰ • ਪ੍ਰਾਈਵੇਟ ਮੋਟਰਸਾਈਕਲ
• ਬੋਟ/ਕਿਸ਼ਤੀ • ਕੰਸਟਰਕਸ਼ਨ • ਕਮਰਸ਼ੀਅਲ ਪ੍ਰਾਪਰਟੀ
• ਰੈਂਟਲ ਘਰ • ਹਾਈ ਵੈਲਿਊ ਵਾਲੇ ਘਰ ਦੀ ਇੰਸ਼ੋਰੈਂਸ
• ਵਿਜ਼ਟਰ ਤੇ ਨਵੇਂ ਇੰਮੀਗਰਾਂਟਸ ਦੀ ਮੈਡੀਕਲ ਇੰਸ਼ੋਰੈਂਸ
Autoplan
New Producers Welcome
Call Now For SUPER VISA INSURANCE
ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ
Open 7 Days a Week
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਅੱਜ ਹੀ ਫੋਨ ਕਰੋ
ਤੁਹਾਡੀ ਸੇਵਾ ਲਈ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਹੀ ਖੁੱਲ੍ਹਾ ਰਹਿੰਦਾ ਹੈ
3 LOCATIONS TO SERVE YOU :
www.globalins.ca
#101 - 2464 Clearbrook Rd. Abbotsford, BC V2T 2X8 604-852-8111 Fax: 604-852-4446
#102 - 18408 64th Ave. Surrey, BC V3S 1E9 604-574-5115 Fax: 604-574-5116
#115 - 6820 188th St. Surrey, BC V4N 3G6 604-574-1771 Fax: 604-574-1761

# ਕਿਸੇ ਵੀ ਕਮਿਸ਼ਨ ਜਾਂ ਸਿਟ ਨੇ ਬਾਦਲਾਂ ਨੂੰ ਪੁਲਿਸ ਫਾਇਰਿੰਗ ਲਈ ਦੋਸ਼ੀ ਨਹੀ ਠਹਿਰਾਇਆ-ਮਜੀਠੀਆ

## ਮਜੀਠੀਆ ਦਾ ਨਵਜੋਤ ਸਿੱਧੂ ਨੂੰ ਖੁੱਲ੍ਹਾ ਚੈਲੰਜ 'ਜੇਕਰ ਸਿੱਧੂ ਕੋਲ ਬੇਅਦਬੀ ਸਬੰਧੀ ਕੋਈ ਸਬੂਤ ਹੈ ਤਾਂ ਕਰੇ ਅਦਾਲਤ 'ਚ ਪੇਸ਼'



ਚੰਡੀਗੜ੍ਹ-ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਇੱਥੇ ਕਿਹਾ ਕਿ ਕਾਂਗਰਸ ਦੇ ਝੂਠ ਦੇ ਉਲਟ, ਜਸਟਿਸ ਰਣਜੀਤ ਸਿੰਘ ਕਮਿਸ਼ਨ ਤੇ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ ਐਸਆਈਟੀ ਵੱਲੋਂ ਦਾਇਰ ਰਿਪੋਰਟ ਵਿਚ ਕਦੇ ਵੀ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਬੇਅਦਬੀ ਮਗਰੋਂ ਹੋ ਰਹੇ ਰੋਸ ਦਿਖਾਵਿਆਂ 'ਤੇ ਪੁਲੀਸ ਫਾਇਰਿੰਗ ਦਾ ਦੋਸ਼ੀ ਨਹੀਂ ਠਹਿਰਾਇਆ ਗਿਆ। ਇਨ੍ਹਾਂ ਰਿਪੋਰਟਾਂ ਵਿਚ ਪ੍ਰਕਾਸ਼ ਸਿੰਘ ਬਾਦਲ ਜਾਂ ਸੁਖਬੀਰ ਸਿੰਘ ਬਾਦਲ ਨੂੰ ਬੇਅਦਬੀ ਮਾਮਲਿਆਂ ਜਾਂ ਇਸ ਮਗਰੋਂ ਗੋਲੀ ਕਾਂਡ ਦਾ ਦੋਸ਼ੀ ਠਹਿਰਾਉਣ ਦਾ ਵਿਰੋਧ ਕੀਤਾ ਗਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਮਜੀਠੀਆ ਨੇ ਕਿਹਾ ਕਿ ਰਿਪੋਰਟਾਂ ਦੀਆਂ ਸਿਫ਼ਾਰਸ਼ਾਂ ਵਿਚ ਕਿਤੇ ਵੀ ਪ੍ਰਕਾਸ਼ ਸਿੰਘ ਬਾਦਲ ਜਾਂ ਸੁਖਬੀਰ ਬਾਦਲ ਨੂੰ ਕਿਸੇ ਵੀ ਗ਼ਲਤ ਕੰਮ ਦਾ ਦੋਸ਼ੀ ਨਹੀਂ ਪਾਇਆ ਗਿਆ। ਸ੍ਰੀ ਮਜੀਠੀਆ ਨੇ ਕਾਂਗਰਸ ਤੇ 'ਆਪ' ਆਗੂਆਂ ਨੂੰ ਦਿੱਤੀ ਖੁੱਲ੍ਹੀ ਚੁਣੌਤੀ ਮੁੜ ਦੁਹਰਾਉਂਦਿਆਂ ਕਿਹਾ ਕਿ ਉਹ ਲੋਕਾਂ ਜਾਂ ਮੀਡੀਆ ਸਾਹਮਣੇ ਉਹ ਸਬੂਤ ਪੇਸ਼ ਕਰਨ ਜਿਸ ਦਾ ਦਾਅਵਾ ਉਹ ਬੇਅਦਬੀ ਮਾਮਲਿਆਂ ਵਿਚ ਅਕਾਲੀ ਆਗੂਆਂ ਖ਼ਿਲਾਫ਼ ਸਬੂਤ ਹੋਣ ਬਾਰੇ ਕਰਦੇ ਹਨ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਕੋਲ ਇਹ ਸਬੂਤ ਸੀ ਜਾਂ ਹੈ ਤਾਂ ਉਨ੍ਹਾਂ ਕਦੇ ਵੀ ਖ਼ਾਲਸਾ ਪੰਥ, ਸਿਟ ਜਾਂ ਅਦਾਲਤ ਸਾਹਮਣੇ ਪੇਸ਼ ਕਿਉਂ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ, ਜਾਖੜ, ਸੁੱਖੀ ਰੰਧਾਵਾ, ਚੰਨੀ ਤੇ ਸਿੱਧੂ ਖ਼ਾਲਸਾ ਪੰਥ ਤੇ ਨਿਆਂਪਾਲਿਕਾ ਨੂੰ ਜਵਾਬਦੇਹ ਹਨ ਕਿ ਇਨ੍ਹਾਂ ਨੇ ਸਬੂਤ ਛੁਪਾ ਕੇ ਕਿਉਂ ਰੱਖੇ। ਸ੍ਰੀ ਮਜੀਠੀਆ ਨੇ ਇਸ ਮੌਕੇ ਤਸਵੀਰਾਂ ਤੇ ਵੀਡੀਓ ਸਬੂਤ ਪੇਸ਼ ਕੀਤੇ ਜਿਨ੍ਹਾਂ ਵਿਚ ਨਵਜੋਤ ਸਿੰਘ ਸਿੱਧੂ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੇ ਪੈਰੀਂ ਹੱਥ ਲਾਉਂਦੇ ਦਿਸਦੇ ਹਨ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਪੰਜਾਬ ਕਰੋਨਾ ਧਮਾਕੇ ਦੇ ਹਾਲਾਤ 'ਤੇ ਹੈ। ਉਨ੍ਹਾਂ ਕਿਹਾ ਕਿ ਹਾਲਾਤ ਚਿੰਤਾਜਨਕ ਤੇ ਖ਼ਤਰਨਾਕ ਹਨ ਜਿਸ ਲਈ ਸਭ ਨੂੰ ਰਲ ਕੇ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਝੂਠ ਬੋਲ ਕੇ ਸਿੱਖ ਸੰਗਤ ਦੀਆਂ ਅੱਖਾਂ ਵਿਚ ਘਟਾ ਪਾ ਰਹੇ ਹਨ। ਸ੍ਰੀ ਮਜੀਠੀਆ ਨੇ ਮੁੱਖ ਮੰਤਰੀ ਦੇ ਕਥਿਤ ਪਾਰਟੀ ਦੇ ਅੰਦਰ ਤੇ ਬਾਹਰ ਸਿਆਸੀ ਵਿਰੋਧੀਆਂ ਨੂੰ ਖ਼ਤਮ ਕਰਨ ਵਾਸਤੇ ਵਿਜੀਲੈਂਸ ਬਿਊਰੋ ਦੀ ਦੁਰਵਰਤੋਂ ਦੀ ਨਿਖੇਧੀ ਕੀਤੀ।




# ਪੰਜਾਬ ਕਾਂਗਰਸ ਵਿਚ ਖਾਨਾਜੰਗੀ ਤੇਜ਼ ਹੋਈ...

[ਸਫ਼ਾ 3 ਦੀ ਬਾਕੀ]

ਵੱਲੋਂ ਖੋਲ੍ਹੇ ਮੋਰਚੇ ਤੋਂ ਬਾਅਦ ਮੰਤਰੀ, ਸੰਸਦ ਮੈਂਬਰ ਅਤੇ ਵਿਧਾਇਕ ਹਮਾਇਤ ਵਿੱਚ ਇਕੱਠੇ ਹੋਏ ਸਨ। ਸ੍ਰੀ ਚੰਨੀ ਵੱਲੋਂ ਪਹਿਲਾਂ ਤਾਂ ਅੱਜ ਪ੍ਰੈੱਸ ਕਾਨਫਰੰਸ ਕਰ ਕੇ ਇਸ ਮਾਮਲੇ 'ਤੇ ਸਥਿਤੀ ਸਪੱਸ਼ਟ ਕੀਤੀ ਜਾਣੀ ਸੀ ਪਰ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਨੇ ਲੰਘੀ ਰਾਤ ਸ੍ਰੀ ਚੰਨੀ ਨੂੰ ਮੀਡੀਆ 'ਚ ਗੱਲ ਕਰਨ ਤੋਂ ਰੋਕ ਦਿੱਤਾ ਤੇ ਕਿਹਾ ਕਿ ਮਾਮਲਾ ਸੁਲਝਾਉਣ ਲਈ ਚਾਰ ਕੁ ਦਿਨਾਂ ਦਾ ਸਮਾਂ ਦਿੱਤਾ ਜਾਵੇ। ਜ਼ਿਕਰਯੋਗ ਹੈ ਕਿ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਮਨੀਸ਼ਾ ਗੁਲਾਟੀ ਨੇ ਸਾਲ 2018 ਵਿੱਚ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਚੰਨੀ ਵੱਲੋਂ ਪੰਜਾਬ ਦੀ ਇੱਕ ਮਹਿਲਾ ਆਈਏਐੱਸ ਅਧਿਕਾਰੀ ਨੂੰ ਭੇਜੇ ਵਟਸਐਪ ਸੁਨੇਹੇ ਦੇ ਮਾਮਲੇ 'ਤੇ ਕਾਰਵਾਈ ਕਰਨ ਲਈ ਕਿਹਾ ਹੈ। ਸ੍ਰੀਮਤੀ ਗੁਲਾਟੀ ਨੇ ਤਾਂ ਧਰਨਾ ਦੇਣ ਦੀ ਚੇਤਾਵਨੀ ਤੱਕ ਦਿੱਤੀ ਹੈ। ਸੂਤਰਾਂ ਮੁਤਾਬਕ ਅੱਜ ਦੀ ਮੀਟਿੰਗ 'ਚ ਤੈਅ ਕੀਤਾ ਗਿਆ ਕਿ ਸਭ ਤੋਂ ਪਹਿਲਾਂ ਹਾਈ ਕਮਾਨ ਦਾ ਰੁਖ਼ ਵੇਖ ਲਿਆ ਜਾਵੇ ਤੇ ਇਸ ਮਗਰੋਂ ਰਣਨੀਤੀ ਬਣਾਈ ਜਾਵੇ। ਇਸ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਆਉਂਦੇ ਕੁਝ ਦਿਨਾਂ ਵਿੱਚ ਕਾਂਗਰਸ ਦੇ ਸੀਨੀਅਰ ਆਗੂਆਂ ਵੱਲੋਂ ਪੰਜਾਬ ਦੇ ਵਿਧਾਇਕਾਂ ਨਾਲ ਮੀਟਿੰਗ ਵੀ ਕੀਤੀ ਜਾਵੇਗੀ।

### ਸਿੱਧੂ ਨੇ ਕਾਂਗਰਸੀ ਵਿਧਾਇਕਾਂ ਨੂੰ ਦਿੱਲੀ ਕੂਚ ਕਰਨ ਦਾ ਦਿੱਤਾ ਸੱਦਾ

ਅੰਮ੍ਰਿਤਸਰ-ਬੇਅਦਬੀ ਮਾਮਲਿਆਂ ਵਿਚ ਨਿਆਂ ਨਾ ਮਿਲਣ ਅਤੇ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਾ ਹੁੰਦਿਆਂ ਦੇਖ ਕੇ ਅੱਜ ਕਾਂਗਰਸੀ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਪਾਰਟੀ ਦੀ ਕਾਰਗੁਜ਼ਾਰੀ ਤੋਂ ਨਾਰਾਜ਼ ਆਪਣੇ ਸਾਥੀਆਂ ਤੇ ਵਿਧਾਇਕਾਂ ਨੂੰ ਆਖਿਆ ਹੈ ਕਿ ਉਹ ਦਿੱਲੀ ਜਾਣ ਤੇ ਕਾਂਗਰਸ ਹਾਈ ਕਮਾਂਡ ਨੂੰ ਸਾਰੀ ਸਥਿਤੀ ਤੋਂ ਜਾਣੂ ਕਰਵਾਉਣ। ਇਹ ਖੁਲਾਸਾ ਉਨ੍ਹਾਂ ਅੱਜ ਟਵੀਟ ਕਰ ਕੇ ਕੀਤਾ ਹੈ। ਸ੍ਰੀ ਸਿੱਧੂ ਆਪਣੇ ਸੋਸ਼ਲ ਮੀਡੀਆ ਚੈਨਲ ਰਾਹੀਂ ਲਗਾਤਾਰ ਆਪਣੀ ਸਰਕਾਰ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨਿਸ਼ਾਨਾ ਬਣਾ ਰਹੇ ਹਨ ਅਤੇ ਲਗਾਤਾਰ ਇਸ ਮੁੱਦੇ ਨੂੰ ਉਭਾਰ ਰਹੇ ਹਨ। ਉਨ੍ਹਾਂ ਲਿਖਿਆ ਹੈ ਕਿ 2019 ਦੀਆਂ ਚੋਣਾਂ ਵੇਲੇ ਉਨ੍ਹਾਂ ਚੋਣ ਪ੍ਰਚਾਰ ਬੇਅਦਬੀ ਮਾਮਲਿਆਂ ਦੇ ਦੋਸ਼ੀਆਂ ਖਿਲਾਫ ਕਾਰਵਾਈ ਅਤੇ ਪੀੜਤਾਂ ਨੂੰ ਨਿਆਂ ਦੇਣ ਦੀ ਮੰਗ ਨਾਲ ਸ਼ੁਰੂ ਕੀਤਾ ਸੀ ਅਤੇ ਇਸੇ ਮੰਗ ਨਾਲ ਹੀ ਪ੍ਰਚਾਰ ਖਤਮ ਕੀਤਾ ਸੀ। ਉਹ ਉਸ ਵੇਲੇ ਤੋਂ ਲਗਾਤਾਰ ਇਸ ਮਾਮਲੇ ਵਿਚ ਨਿਆਂ ਤੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ ਕਰ ਰਹੇ ਹਨ ਪਰ ਇਕ ਵਿਅਕਤੀ ਉਨ੍ਹਾਂ ਨੂੰ ਬਚਾਅ ਰਿਹਾ ਹੈ।



# ਸੰਪਾਦਕੀ

## ਸਰਕਾਰ, ਪੁਲਿਸ ਤੇ ਸਮਾਜ ਲਈ ਗੰਭੀਰ ਚੁਣੌਤੀ

# ਡਰੱਗ ਕਾਰੋਬਾਰ ਤੇ ਅੱਲੜ ਉਮਰ ਦੇ ਗੈਂਗਸਟਰਾਂ ਦੀ ਖ਼ੂਨੀ ਖੇਡ...

**ਸੁਖਵਿੰਦਰ ਸਿੰਘ ਚੋਹਲਾ**

ਕੋਵਿਡ ਮਹਾਂਮਾਰੀ ਕਾਰਣ ਦੁਨੀਆ ਤਰਾਸ -ਤਰਾਸ ਕਰ ਰਹੀ ਹੈ ਤੇ ਸਰਕਾਰਾਂ ਦਾ ਸਾਰਾ ਜ਼ੋਰ ਕੋਵਿਡ ਪਾਬੰਦੀਆਂ ਦੀ ਪਾਲਣਾ ਕਰਵਾਉਣ ਅਤੇ ਟੀਕਾਕਰਣ ਉਪਰ ਲੱਗਾ ਹੋਇਆ ਹੈ। ਪਰ ਇਸ ਡਰਾਉਣੇ ਤੇ ਭਿਆਨਕ ਦੌਰ ਦੌਰਾਨ ਕੁਝ ਅਮਾਨਵੀ ਤੇ ਅਪਰਾਧਿਕ ਬਿਰਤੀ ਦੇ ਅਜਿਹੇ ਲੋਕ ਵੀ ਹਨ ਜੋ ਮਹਾਂਮਾਰੀ ਨੂੰ ਇਕ ਦੁਰਲਭ ਮੌਕੇ ਦੀ ਤਰਾਂ ਲੈਂਦੇ ਹੋਏ ਖੂਨੀ ਖੇਡ ਵਿਚ ਮਸਰੂਫ ਵਿਚ ਹਨ। ਬੀ ਸੀ ਲੋਅਰ ਮੇਨਲੈਂਡ ਦੇ ਇਲਾਕੇ ਵਿਚ ਅਜਿਹੀ ਹੀ ਇਕ ਖੂਨੀ ਖੇਡ ਦੀਆਂ ਨਿਤ ਦਿਨ ਆ ਰਹੀਆਂ ਖਬਰਾਂ ਸਥਾਨਕ ਲੋਕਾਂ ਨੂੰ ਅਵਾਜ਼ਾਰ ਕਰ ਰਹੀਆਂ ਹਨ। ਅੱਲੜ ਉਮਰ ਦੇ ਗੈਂਗਸਟਰਾਂ ਵਲੋਂ ਨਿਤ ਦਿਹਾੜੇ ਇਕ ਦੂਸਰੇ ਉਪਰ ਦਾਗੀਆਂ ਜਾ ਰਹੀਆਂ ਗੋਲੀਆਂ ਤੇ ਕਤਲ ਕਰਨ ਦੀਆਂ ਘਟਨਾਵਾਂ ਜਿਥੇ ਆਮ ਲੋਕਾਂ ਲਈ ਪ੍ਰੇਸ਼ਾਨੀ ਦਾ ਕਾਰਣ ਹਨ ਉਥੇ ਪੰਜਾਬੀ ਭਾਈਚਾਰੇ ਲਈ ਵਿਸ਼ੇਸ਼ ਚਿੰਤਾ ਦਾ ਵਿਸ਼ਾ ਹਨ। ਕਿਉਂਕਿ ਇਹਨਾਂ ਘਟਨਾਵਾਂ ਵਿਚ ਸ਼ਾਮਿਲ ਬਹੁਗਿਣਤੀ ਗੈਂਗਸਟਰਾਂ ਦਾ ਸਬੰਧੀ ਪੰਜਾਬੀ ਭਾਈਚਾਰੇ ਨਾਲ ਹੈ। ਕੇਵਲ 17-18 ਸਾਲ ਤੋ 23-24 ਸਾਲ ਦੀ ਉਮਰ ਦੇ ਅੱਲੜ ਤੇ ਭਰ ਗੱਭਰੂ ਕਿਸ ਖੂਨੀ ਖੇਡ ਵਿਚ ਗਲਤਾਨ ਹਨ, ਇਹ ਵੇਖਦਿਆਂ-ਸੁਣਦਿਆਂ ਜਿਥੇ ਕਾਲਜਾ ਮੂੰਹ ਨੂੰ ਆਉਂਦਾ ਹੈ ਉਥੇ ਸਕੂਲ- ਕਾਲਜ ਜਾਂਦੇ ਜਵਾਨ ਬੱਚਿਆਂ ਦੇ ਮਾਪਿਆਂ ਲਈ ਕਈ ਸੰਸੇ ਵੀ ਹਨ। ਪਿਛਲੇ ਕੁਝ ਹਫਤਿਆਂ ਦੌਰਾਨ ਕਈ ਨੌਜਵਾਨ ਗੋਲੀ ਦਾ ਸ਼ਿਕਾਰ ਚੁੱਕੇ ਹਨ। ਡਰੱਗ ਕਾਰੋਬਾਰ ਵਿਚ ਲੱਗੇ ਇਹਨਾਂ ਨੌਜਵਾਨਾਂ ਵਲੋਂ ਨਿੱਜੀ ਦੁਸ਼ਮਣੀ, ਈਰਖਾ, ਪੈਸਾ, ਵਪਾਰ ਅਤੇ ਆਪਣੀ ਧੌਂਸ ਜਮਾਉਣ ਲਈ ਜੋ ਖੂਨੀ ਖੇਡ ਖੇਡੀ ਜਾ ਰਹੀ ਹੈ, ਉਸਦੀ ਰੋਕਥਾਮ ਵਿਚ ਅਸਫਲ ਰਹਿਣ ਲਈ ਪੁਲਿਸ ਪ੍ਰਸ਼ਾਸਨ ਤੇ ਸਰਕਾਰ ਦੀ ਕਾਰਗੁਜ਼ਾਰੀ ਉਪਰ ਵੀ ਸਵਾਲ ਹਨ। ਗੈਂਗਜ਼ ਤੇ ਡਰੱਗ ਕਾਰੋਬਾਰਵਿਚ ਅੱਲੜ ਉਮਰ ਦੇ ਪੰਜਾਬੀ ਨੌਜਵਾਨਾਂ ਦੇ ਵਧੇਰੇ ਗਿਣਤੀ ਵਿਚ ਸ਼ਾਮਿਲ ਹੋਣ ਅਤੇ ਖੂਨੀ ਲੜਾਈ ਦਾ ਸ਼ਿਕਾਰ ਹੋਣ ਦੇ ਕਾਰਣਾਂ ਬਾਰੇ ਚਰਚਾ ਵੱਖਰੀ ਹੈ।

ਪਿਛਲੇ ਦੋ ਕੁ ਹਫਤਿਆਂ ਦੌਰਾਨ ਗੈਂਗਵਾਰ ਨਾਲ ਸਬੰਧਿਤ ਕੁਝ ਘਟਨਾਵਾਂ ਅਜਿਹੀਆਂ ਵਾਪਰੀਆਂ ਹਨ, ਜਿਹਨਾਂ ਨੂੰ ਵੇਖਦਿਆਂ ਪੁਲਿਸ ਅਤੇ ਸਰਕਾਰ ਨੂੰ ਸਵਾਲ ਕਰਨੇ ਬਣਦੇ ਹਨ। ਇਸ 9 ਮਈ ਨੂੰ ਕੌਮਾਂਤਰੀ ਏਅਰਪੋਰਟ ਕੋਲ ਕਰਮਨ ਗਰੇਵਾਲ ਨਾਮ ਦੇ ਇਕ ਗੈਂਗਸਟਰ ਨੂੰ ਵਿਰੋਧੀ ਗੈਂਗ ਦੇ ਮੈਂਬਰ ਸ਼ਰੇਆਮ ਗੋਲੀਆਂ ਨਾਲ ਭੁੰਨ ਦਿੰਦੇ ਹਨ। ਉਹਨਾਂ ਦੀ ਲਾਲ ਰੰਗ ਦੀ ਐਸ ਯੂ ਵੀ ਡਿਊਟੀ ਤੇ ਖੜੀ ਰਿਚਮੰਡ ਆਰ ਸੀ ਐਮ ਪੀ ਨੂੰ ਵੰਗਾਰਦੀ ਗੁਜਰ ਜਾਂਦੀ ਹੈ। ਗੈਂਗਸਟਰ ਸ਼ਰੇਆਮ ਗੋਲੀਆਂ ਚਲਾਉਂਦੇ ਸੁਰਖਿਅਤ ਨਿਕਲ ਜਾਂਦੇ ਹਨ ਪਰ ਕਿਸੇ ਵੀ ਪੁਲਿਸ ਅਫਸਰ ਨੇ ਉਹਨਾਂ ਨੂੰ ਰੋਕਣ ਜਾਂ ਘੇਰਨ ਦਾ ਯਤਨ ਨਹੀ ਕੀਤਾ। ਪੁਲਿਸ ਵਲੋਂ ਆਪਣੀ ਅਸਫਲਤਾ ਛੁਪਾਉਂਦਿਆਂ ਸਪੱਸ਼ਟੀਕਰਣ ਇਹ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ ਰੋਡ ਉਪਰ ਲੋਕਾਂ ਦੀ ਆਵਾਜਾਈ ਦੀ ਸੁਰੱਖਿਆ ਦੇ ਮੱਦੇਨਜ਼ਰ ਗੈਂਗਸਟਰਾਂ ਨੂੰ ਜਾਣ ਦੇ ਦਿੱਤਾ ਗਿਆ। ਦਿਨ ਦਿਹਾੜੇ ਇਸ ਕਤਲ ਦੀ ਘਟਨਾ ਨੂੰ ਅੰਜ਼ਾਮ ਦੇਣ ਵਾਲੇ ਗੈਂਗਸਟਰ ਅੱਧੇ ਘੰਟੇ ਬਾਦ ਉਸ ਐਸ ਯੂ ਵੀ ਨੂੰ ਸਰੀ ਦੀ ਇਕ ਗਲੀ ਵਿਚ ਅੱਗ ਲਗਾਕੇ ਸਾੜ ਦਿੰਦੇ ਹਨ ਪਰ ਕਿਸੇ ਪੁਲਿਸ ਟੀਮ ਨੇ ਉਹਨਾਂ ਦਾ ਪਿੱਛਾ ਕਰਨ ਦਾ ਯਤਨ ਨਹੀ ਕੀਤਾ।



ਦੂਸਰੀ ਘਟਨਾ ਵਿਚ 1 ਮਈ ਨੂੰ ਸਰੀ-ਡੈਲਟਾ ਦੇ ਵਾਲਮਾਰਟ ਪਲਾਜ਼ੇ ਵਿਚ ਇਕ ਨੌਜਵਾਨ ਕੁਰੈਕਸ਼ਨਲ ਅਫਸਰ ਬਿਕਰਮਦੀਪ ਸਿੰਘ ਦੀ ਸ਼ਰੇਆਮ ਗੋਲੀਆਂ ਮਾਰਕੇ ਹੱਤਿਆ ਕਰ ਦਿੱਤੀ ਗਈ। ਇਸ ਘਟਨਾ ਦੀਆਂ ਮੌਕੇ ਤੇ ਮੌਜੂਦ ਕਈ ਲੋਕਾਂ ਨੇ ਵੀਡੀਓ ਰਿਕਾਰਡ ਕੀਤੀਆਂ ਕਿ ਕਿਵੇ ਨੌਜਵਾਨ ਜੇਲ ਅਫਸਰ ਨੂੰ ਮਿਥਕੇ ਨਿਸ਼ਾਨਾ ਬਣਾਉਣ ਵਾਲੇ ਗੁੰਡੇ ਸ਼ਰੇਆਮ ਗੱਡੀਆਂ ਉਪਰ ਭੱਜ ਰਹੇ ਹਨ ਪਰ ਇਸ ਦੌਰਾਨ ਕਿਸੇ ਪੁਲਿਸ ਵਾਲੇ ਨੇ ਉਹਨਾਂ ਦਾ ਪਿੱਛਾ ਨਹੀ ਕੀਤਾ। ਲੋਕ ਹੈਰਾਨ ਤੇ ਪ੍ਰੇਸ਼ਾਨ ਹਨ ਕਿ ਗੁੰਡੇ ਸ਼ਰੇਆਮ ਗੋਲੀਆਂ ਚਲਾਉਂਦੇ ਹਨ ਤੇ ਦਨਦਨਾਉਂਦੇ ਸੁਰੱਖਿਅਤ ਆਪਣੀਆਂ ਗੱਡੀਆਂ ਵਿਚ ਫਰਾਰ ਹੋ ਜਾਂਦੇ ਹਨ ਪਰ ਪੁਲਿਸ ਕਿਤੇ ਵੀ ਉਹਨਾਂ ਦਾ ਪਿੱਛਾ ਕਰਦੀ ਨਜ਼ਰ ਨਹੀ ਆਈ।

ਕੋਵਿਡ ਦੌਰਾਨ ਜਦੋ ਆਮ ਲੋਕਾਂ ਦੀਆਂ ਸਮੂਹਿਕ ਸਰਗਰਮੀਆਂ ਸੀਮਤ ਚੱਲ ਰਹੀਆਂ ਹਨ ਤਾਂ ਗੈਂਗਸਟਰਾਂ ਦੀ ਆਪਸੀ ਈਰਖਾ ਤੇ ਖਹਿਬਾਜ਼ੀ ਕਾਰਣ ਗੋਲੀਬਾਰੀ ਦੀਆਂ ਲਗਾਤਾਰ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਜਿਹਨਾਂ ਵਿਚ 13 ਮਈ ਨੂੰ ਬਰਨਬੀ ਮਾਲ ਵਿਚ 23 ਸਾਲਾ ਜਸਕੀਰਤ ਕਾਲਕਟ, 9 ਮਈ ਨੂੰ 28 ਸਾਲਾ ਕਰਮਨ ਗਰੇਵਾਲ, 8 ਮਈ ਨੂੰ 19 ਸਾਲਾ ਟੋਨੀ, 22 ਅਪ੍ਰੈਲ ਨੂੰ ਟੌਡ ਗੋਵਨਬਰਗ, 18 ਅਪ੍ਰੈਲ ਨੂੰ 20 ਸਾਲਾ ਬੈਲੀ, 17 ਅਪ੍ਰੈਲ ਨੂੰ ਹਰਬ ਧਾਲੀਵਾਲ, 19 ਮਾਰਚ ਨੂੰ ਦੋ ਢੀਂਡਸਾ ਭਰਾਵਾਂ ਜੋਬਨ ਤੇ ਚੇਤਨ ਦੀ ਹੱਤਿਆ, 26 ਜਨਵਰੀ ਨੂੰ 22 ਸਾਲਾ ਅਰਸ਼ਦੀਪ ਸਿੰਘ, 9 ਜਨਵਰੀ ਨੂੰ ਦਿਲਰਾਜ ਜੌਹਲ, 7 ਜਨਵਰੀ ਨੂੰ ਅਨੀਸ ਮੁਹੰਮਦ, 6 ਜਨਵਰੀ ਨੂੰ 24 ਸਾਲਾ ਗੈਰੀ ਕੰਗ, 28 ਦਸੰਬਰ ਨੂੰ 14 ਸਾਲਾ ਬੱਚਾ ਵਿੱਲੀਜ ਤੇ 27 ਦਸੰਬਰ ਨੂੰ 19 ਸਾਲਾ ਹਰਮਨ ਢੇਸੀ ਆਦਿ ਦੇ ਦਿਨ ਦਿਹਾੜੇ ਹੋਏ ਕਤਲ ਦੀਆਂ ਘਟਨਾਵਾਂ ਦਾ ਵਿਸ਼ੇਸ਼ ਜ਼ਿਕਰ ਹੈ।

ਇਕ ਮਾਹਿਰ ਦੀ ਰਿਪੋਰਟ ਮੁਤਾਬਿਕ ਲੋਅਰ ਮੇਨਲੈਂਡ ਵਿਚ ਸਾਲ 2017 ਤੋ ਯੂ ਐਨ ਗੈਂਗ, ਬ੍ਰਦਰਜ਼ ਕੀਪਰਜ਼ ਗੈਂਗ, ਰੈਡ ਸਕਾਰਪੀਅਨ, ਕੰਗ ਗਰੁੱਪ ਵਿਚਾਲੇ ਸਿੰਗ ਫਸੇ ਹੋਏ ਹਨ। ਸਪੈਸ਼ਲ ਪੁਲਿਸ ਫੋਰਸ ਤਾਂ ਇਸਨੂੰ ਡੇਢ ਦਹਾਕਾ ਪੁਰਾਣੀ ਰੈਡ ਸਕਾਰਪੀਅਨ, ਇੰਡੀਪੈਨਡੈਂਟ ਸੋਲਜ਼ਰ, ਵੁਲਫ ਪੈਕ ਤੇ ਯੂਨਾਈਟਡ ਨੇਸ਼ਨਜ ਦੀ ਇਤਿਹਾਸਕ ਗੈਂਗ ਵਾਰ ਦੇ ਮੁੜ ਛਿੜ ਜਾਣ ਦੀ ਰਿਪੋਰਟ ਕਰ ਰਹੀ ਹੈ। ਇਹਨਾਂ ਗੈਂਗਾਂ ਵਿਚ ਨਵੇ ਸ਼ਾਮਿਲ ਹੋਏ ਖਿਡਾਰੀ ਹਿੰਸਕ ਕਾਰਵਾਈਆਂ ਵਿਚ ਜ਼ਿਆਦਾ ਹੀ ਤੱਤੇ ਚੱਲ ਰਹੇ ਹਨ। ਇਕ ਦੂਸਰੇ ਦੇ ਖੂਨ ਦੇ ਪਿਆਸੇ ਇਹ ਗੈਂਗ ਕਈ ਜਾਨਾਂ ਲੈ ਚੁੱਕੇ ਹਨ। ਕੁਝ ਘਟਨਾਵਾਂ ਵਿਚ ਤਾਂ ਇਕ ਦਿਨ ਮਾਰੇ ਗਏ ਗੈਂਗ ਮੈਂਬਰ ਦੇ ਕਤਲ ਦਾ ਬਦਲਾ ਦੂਸਰੇ ਦਿਨ ਹੀ ਲੈਣ ਦੀ ਹੁੜਮੱਤ ਵੀ ਵਿਖਾਈ ਗਈ ਹੈ। ਕੋਵਿਡ ਮਹਾਂਮਾਰੀ ਦੌਰਾਨ ਆਮ ਲੋਕਾਂ ਦੀਆਂ ਸਰਗਰਮੀਆਂ ਸੀਮਤ ਹੋਣ ਨੂੰ ਇਹ ਗੈਂਗ ਖੁੱਲੇ ਮੈਦਾਨ ਵਜੋ ਲੈ ਰਹੇ ਹਨ। ਉਹ ਆਪਣੀ ਨਿੱਜੀ ਦੁਸ਼ਮਣੀ, ਡਰੱਗ ਕਾਰੋਬਾਰ ਉਪਰ ਕਬਜ਼ੇ ਅਤੇ ਆਪੋ ਆਪਣੇ ਏਰੀਏ 'ਤੇ ਮਜ਼ਬੂਤ ਕਬਜ਼ੇ ਲਈ ਲੜ ਮਰ ਰਹੇ ਹਨ। ਪਰ ਆਰ ਸੀ ਐਮ ਪੀ ਦਾ ਉਦਾਸੀਨ ਰਵੱਈਆ ਇਹ ਦਰਸਾਉਣ ਲਈ ਕਾਫੀ ਹੈ ਕਿ ਇਹ ਗੈਂਗਜ਼ ਦੀ ਆਪਸੀ ਲੜਾਈ ਹੈ-ਲੜਨ ਮਰਨ ਦਿਓ।

ਕੌਮਾਂਤਰੀ ਏਅਰਪੋਰਟ ਨੇੜੇ ਗੋਲੀਬਾਰੀ ਤੇ ਕਤਲ ਦੀ ਘਟਨਾ ਉਪਰੰਤ ਪ੍ਰਾਂਤ ਦੇ ਜਨਤਕ ਸੁਰੱਖਿਆ ਬਾਰੇ ਮੰਤਰੀ ਮਾਈਕ ਫਾਰਨਵਰਥ ਨੇ ਲੋਅਰ ਮੇਨਲੈਂਡ ਦੇ ਪੁਲਿਸ ਮੁਖੀਆਂ ਤੇ ਹੋਰ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਪੁਲਿਸ ਵਲੋਂ ਗੈਂਗਸਟਰਾਂ ਖਿਲਾਫ ਅਪਣਾਏ ਗਏ ਨੀਤੀ ਪੈਂਤੜੇ ਉਪਰ ਸੰਤੁਸ਼ਟੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਸੂਬੇ ਵਿਚ ਗੈਂਗਜ਼ ਤੇ ਡਰੱਗ ਕਾਰੋਬਾਰ ਉਪਰ ਰੋਕ ਲਗਾਉਣ ਲਈ ਪੁਲਿਸ ਉਚਿਤ ਕਦਮ ਉਠਾ ਰਹੀ ਹੈ। ਸੂਬੇ ਦੇ ਪ੍ਰੀਮੀਅਰ ਜੌਨ ਹੌਰਗਨ ਨੇ ਵੀ ਅਜਿਹਾ ਹੀ ਪ੍ਰਗਟਾਵਾ ਕੀਤਾ ਹੈ ਪਰ ਇਹ ਕਦਮ ਅਜੇ ਤੱਕ ਆਮ ਸ਼ਹਿਰੀਆਂ ਦੀ ਨਜ਼ਰ ਤੋ ਓਝਲ ਹਨ। ਉਹ ਲੋਕਾਂ ਦੀ ਚਿੰਤਾ ਨੂੰ ਸਮਝਦੇ ਤਾਂ ਹਨ ਪਰ ਚਿੰਤਾ ਦਾ ਕੋਈ ਠੋਸ ਹੱਲ ਨਜ਼ਰ ਨਹੀ ਆ ਰਿਹਾ। ਆਰ ਸੀ ਐਮ ਪੀ ਅਤੇ ਸੂਬਾ ਸਰਕਾਰ ਦੀ ਇਸ ਉਦਾਸੀਨ ਪਹੁੰਚ ਕਾਰਣ ਹੀ ਸ਼ਾਇਦ ਸਰੀ ਦੇ ਲੋਕਾਂ ਨੇ ਸਥਾਨਕ ਪੁਲਿਸ ਦੀ ਸਥਾਪਨਾ ਵਿਚ ਹੀ ਇਸ ਚਿੰਤਾ ਦਾ ਹੱਲ ਤਲਾਸ਼ਿਆ ਸੀ। ਸਰੀ ਮਿਊਂਸਪਲ ਪੁਲਿਸ ਦੇ ਮੁਖੀ ਨੋਰਮ ਲਿਪਿੰਸਕੀ ਮੁਤਾਬਿਕ ਇਸ ਸਾਲ ਸਤੰਬਰ ਤੱਕ ਨਵੀ ਪੁਲਿਸ ਫੋਰਸ ਆਪਣਾ ਕੰਮ ਸ਼ੁਰੂ ਕਰ ਦੇਵੇਗੀ ਜਦੋਕਿ ਆਰ ਸੀ ਐਮ ਪੀ ਦੀ ਮੁਕੰਮਲ ਟਰਾਂਜੀਸ਼ਨ 2022-23 ਤੱਕ ਸੰਭਵ ਹੋ ਸਕੇਗੀ। ਗੈਂਗਵਾਰ ਦੀਆਂ ਤਾਜ਼ਾ ਘਟਨਾਵਾਂ ਦੌਰਾਨ ਆਰ ਸੀ ਐਮ ਪੀ ਦੀ ਢਿੱਲੀ ਕਾਰਗੁਜ਼ਾਰੀ ਨੇ ਸਰੀ ਪੁਲਿਸ ਦੀ ਸਥਾਪਨਾ ਪ੍ਰਤੀ ਲੋਕ ਆਸ਼ਾ ਨੂੰ ਦ੍ਰਿੜਾਇਆ ਹੈ ਪਰ ਆਸ਼ਾ ਤੋ ਵੀ ਅੱਗੇ ਸੱਚ ਇਹ ਹੈ ਕਿ ਗੈਂਗਜ਼ ਅਤੇ ਡਰੱਗ ਖਿਲਾਫ ਰੋਕ ਤੇ ਠੋਸ ਕਾਰਵਾਈ ਫੈਡਰਲ ਸਰਕਾਰ, ਸੂਬਾ ਸਰਕਾਰ, ਆਰ ਸੀ ਐਮ ਪੀ ਤੇ ਸਥਾਨਕ ਪੁਲਿਸ ਦਰਮਿਆਨ ਚੰਗੇ ਤਾਲਮੇਲ ਅਤੇ ਸੁਹਿਰਦ ਨੀਤੀਆਂ ਦੇ ਅਨੁਸਰਣ ਨਾਲ ਹੀ ਸੰਭਵ ਹੈ। ਅੱਲੜ ਉਮਰ ਦੇ ਬੱਚਿਆਂ ਨੂੰ ਗੈਂਗਜ਼ ਅਤੇ ਡਰੱਗ ਕਾਰੋਬਾਰ ਦੀ ਹਨੇਰੀ ਖਾਈ ਚ ਡਿੱਗਣ ਤੋ ਬਚਾਉਣ ਲਈ ਮਾਪਿਆਂ, ਪਰਿਵਾਰਾਂ ਤੇ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਆਪੋ ਆਪਣੀ ਜ਼ਿੰਮੇਵਾਰੀ ਲੈਣੀ ਹੋਵੇਗੀ।


idea immigration

SUPER VISAS & PNPs

ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ




- Specialist in marriage appeals & residency appeals
- Under express entry program applicant can come to Canada within 6 month. For assessments you can visit or call.
- Immigration under investment programme

- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
- 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
- ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ

ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ

ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।

ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।

Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com



OASIS WINDOWS INC.

* Quality Products * Superior Service.

Attractive, Energy Efficient And Quality Windows For Your Dream Home Or Housing Projects Or For Renovation

• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES




"We are not satisfied until you are"

Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com











# ਗੁਰਦੁਆਰਾ ਬਰੁੱਕਸਾਈਡ ਸਰੀ ਵਿਖੇ ਜੈਤੇਗ ਸਿੰਘ ਅਨੰਤ ਵੱਲੋਂ ਸੰਪਾਦਿਤ ਪੁਸਤਕ "ਰਾਮਗੜ੍ਹੀਆ ਵਿਰਾਸਤ" ਰਿਲੀਜ਼

ਸਰੀ (ਹਰਦਮ ਮਾਨ)-ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਅੱਜ ਗੁਰਦੁਆਰਾ ਸਾਹਿਬ ਬਰੁੱਕਸਾਈਡ, ਸਰੀ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੂੰ ਸਮਰਪਿਤ ਸੰਖੇਪ ਸਮਾਗਮ ਦੌਰਾਨ ਨਾਮਵਰ ਸਿੱਖ ਵਿਦਵਾਨ ਅਤੇ ਚਿੰਤਕ ਸ। ਜੈਤੇਗ ਸਿੰਘ ਅਨੰਤ ਦੁਆਰਾ ਸੰਪਾਦਿਤ ਵੱਡ-ਆਕਾਰੀ ਸਚਿੱਤਰ ਕੌਫੀ ਟੇਬਲ ਪੁਸਤਕ "ਰਾਮਗੜ੍ਹੀਆ ਵਿਰਾਸਤ" ਰਿਲੀਜ਼ ਕੀਤੀ ਗਈ। ਪੁਸਤਕ ਰਿਲੀਜ਼ ਦੀ ਰਸਮ ਸਰੀ ਨਿਊਟਨ ਦੇ ਮੈਂਬਰ ਪਾਲਰੀਮੈਂਟ ਸੁਖ ਧਾਲੀਵਾਲ, ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਜੱਬਲ, ਜੈਤੇਗ ਸਿੰਘ ਅਨੰਤ ਅਤੇ ਕਮੇਟੀ ਦੇ ਅਹੁਦੇਦਾਰਾਂ ਨੇ ਅਦਾ ਕੀਤੀ। ਇਸ ਮੌਕੇ ਬੋਲਦਿਆਂ ਮੁੱਖ ਮਹਿਮਾਨ ਸੁਖ ਧਾਲੀਵਾਲ ਨੇ ਸ। ਜੈਤੇਗ ਸਿੰਘ ਅਨੰਤ ਦੀ ਅਣਥੱਕ ਮਿਹਨਤ, ਲਗਨ ਅਤੇ



ਸਿਰੜ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਪੁਸਤਕ ਰਾਮਗੜ੍ਹੀਆ ਭਾਈਚਾਰੇ ਦੇ ਮਾਣਮੱਤੇ ਇਤਿਹਾਸ, ਮਾਨਯੋਗ ਸ਼ਖ਼ਸੀਅਤਾਂ, ਪ੍ਰਾਪਤੀਆਂ ਅਤੇ ਕਾਰਜਾਂ ਦਾ ਅਹਿਮ ਦਸਤਾਵੇਜ ਹੈ। ਇਹ ਸਾਂਭਣਯੋਗ ਪੁਸਤਕ ਨਵੀਂ ਪੀੜ੍ਹੀ ਲਈ ਬੇਹੱਦ ਲਾਹੇਵੰਦ ਹੋਵੇਗੀ। ਉਨ੍ਹਾਂ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਭਾਈਚਾਰੇ ਲਈ ਕੀਤੇ ਜਾ ਰਹੇ ਅਹਿਮ ਕਾਰਜਾਂ ਦੀ ਵੀ ਪ੍ਰਸੰਸਾ ਕੀਤੀ। ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨੇ ਇਸ ਪੁਸਤਕ ਦੀ ਪਿੱਠਭੂਮੀ ਦੀ ਗੱਲ ਕਰਦਿਆਂ ਕਿਹਾ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਦਿਵਸ ਤੇ ਸਾਲ 2020 ਦੀ ਰਾਮਗੜ੍ਹੀਆ ਵਿਸ਼ਵ ਕਾਨਫਰੰਸ, ਸਰੀ ਵਿਖੇ ਕਰਵਾਉਣ ਲਈ ਉਲੀਕੇ ਗਏ ਪ੍ਰੋਗਰਾਮ ਸਦਕਾ ਇਸ ਪੁਸਤਕ ਦਾ ਮੁੱਢ ਬੱਝਿਆ ਅਤੇ ਸ। ਜੈਤੇਗ ਸਿੰਘ ਅਨੰਤ ਨੇ ਹਾਮੀ ਭਰ ਕੇ ਇਸ ਕਾਰਜ ਲਈ ਉਤਸ਼ਾਹਿਤ ਹੀ ਨਹੀਂ ਕੀਤਾ ਸਗੋਂ ਆਪਣੀਆਂ ਵੱਡਮੁੱਲੀਆਂ ਸੇਵਾਵਾਂ ਅਤੇ ਯੋਗ ਅਗਵਾਈ ਪ੍ਰਦਾਨ ਕਰਕੇ ਪੁਸਤਕ ਨੂੰ ਇਤਿਹਾਸਕ ਦਸਤਾਵੇਜ ਬਣਾਉਣ ਦਾ ਅਹਿਮ ਅਤੇ ਸ਼ਲਾਘਾਯੋਗ ਕਾਰਜ ਕੀਤਾ ਹੈ ਜਿਸ ਲਈ ਰਾਮਗੜ੍ਹੀਆ ਸੁਸਾਇਟੀ ਉਨ੍ਹਾਂ ਦੀ ਹਮੇਸ਼ਾ ਰਿਣੀ ਰਹੇਗੀ। ਪੁਸਤਕ ਦੇ ਸੰਪਾਦਕ ਸ। ਜੈਤੇਗ ਸਿੰਘ ਅਨੰਤ ਨੇ ਕਿਹਾ ਕਿ ਇਸ ਬਹੁਰੰਗੀ, ਕਲਾਤਮਿਕ ਅਤੇ ਸੁਚਿੱਤਰ ਪੁਸਤਕ ਵਿਚ ਗੁਰੂ ਘਰ ਦੇ ਰਾਮਗੜ੍ਹੀਆ ਸਿੱਖ, ਸਿੱਖਰਾਜ ਦੀ ਸਥਾਪਤੀ ਵਿਚ ਜੱਸਾ ਸਿੰਘ ਰਾਮਗੜ੍ਹੀਆ ਦਾ ਯੋਗਦਾਨ, ਸਿੱਖ ਮਿਸਲਾਂ ਵਿਚ ਰਾਮਗੜ੍ਹੀਆ ਭਾਈਚਾਰੇ ਦੀ ਭੂਮਿਕਾ, ਯੋਧੇ ਤੇ ਜਰਨੈਲ, ਵਿਰਾਸਤੀ ਚਿੰਨ੍ਹ, ਇਤਿਹਾਸਕ ਯਾਦਗਾਰਾਂ, ਕਲਾ ਦੇ ਰੌਸ਼ਨ ਮੀਨਾਰ, ਸੰਗੀਤ, ਪੱਤਰਕਾਰੀ, ਖੇਡਾਂ, ਉਦਯੋਗ ਆਦਿ ਵਿਸ਼ਿਆਂ ਦਾ ਵਿਸ਼ਾਲ ਸਾਗਰ ਦਰਜ ਕਰਨ ਦਾ ਯਤਨ ਕੀਤਾ ਹੈ। ਪੁਸਤਕ ਵਿਚ ਇਤਿਹਾਸਕ ਪੁਰਾਣੀਆਂ ਅਤੇ ਦੁਰਲੱਭ ਤਸਵੀਰਾਂ ਦਾ ਜ਼ਖੀਰਾ ਹੈ। ਉਨ੍ਹਾਂ ਰਾਮਗੜ੍ਹੀਆ ਸ਼ਿਲਪ ਕਲਾ ਅਤੇ ਭਵਨ ਕਲਾ ਦੀ ਪ੍ਰਸੰਸਾ ਕੀਤੀ ਅਤੇ ਰਾਮਗੜ੍ਹੀਆ ਭਾਈਚਾਰੇ ਦੀਆਂ ਦੀਆਂ ਵਿਸ਼ਵ ਪ੍ਰਸਿੱਧ ਹਸਤੀਆਂ ਨੂੰ ਯਾਦ ਕੀਤਾ। ਉਨ੍ਹਾਂ ਦੱਸਿਆ ਕਿ ਇਹ ਪੁਸਤਕ ਕੈਨੇਡਾ, ਇੰਗਲੈਂਡ, ਅਫਰੀਕਾ ਤੋਂ ਇਲਾਵਾ ਭਾਰਤੀ ਪਾਰਲੀਮੈਂਟ ਦੀ ਲਾਇਬਰੇਰੀ, ਨੈਸ਼ਨਲ ਲਾਇਬਰੇਰੀ ਕਲਕੱਤਾ, ਸਿੱਖ ਰੈਫਰੈਂਸ ਲਾਇਬਰੇਰੀ ਅਤੇ ਪੰਜਾਬ ਦੀਆਂ ਸਾਰੀਆਂ ਯੂਨੀਵਰਸਿਟੀਆਂ ਦੀਆਂ ਲਾਇਬਰੇਰੀਆਂ ਵਿਚ ਉਪਲਬਧ ਕਰਵਾਈ ਜਾ ਚੁੱਕੀ ਹੈ ਤਾਂ ਕਿ ਰੁਚੀ ਰੱਖਣ ਵਾਲੇ ਪਾਠਕ ਅਤੇ ਵਿਦਿਆਰਥੀ ਲਾਇਬਰੇਰੀਆਂ ਰਾਹੀਂ ਇਹ ਪੁਸਤਕ ਹਾਸਲ ਕਰ ਸਕਣ, ਆਪਣੇ ਵਿਰਸੇ ਤੋਂ ਜਾਣੂੰ ਹੋ ਸਕਣ ਅਤੇ ਇਸ ਪੁਸਤਕ ਨੂੰ ਆਪਣੇ ਖੋਜ ਕਾਰਜਾਂ ਦਾ ਸਰੋਤ ਬਣਾ ਸਕਣ। ਉਨ੍ਹਾਂ ਗੁਰਮੁਖੀ ਵਿਚ ਛਪੀ ਇਸ ਪਹਿਲੀ ਕੌਫੀ ਟੇਬਲ ਪੁਸਤਕ ਦੇ ਪ੍ਰਕਾਸ਼ਨ ਕਾਰਜ ਵਿਚ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਦਿੱਤੇ ਸਹਿਯੋਗ ਅਤੇ ਸਰਪ੍ਰਸਤੀ ਲਈ ਸੁਸਾਇਟੀ ਦੇ ਸਭਨਾਂ ਅਹੁਦੇਦਾਰਾਂ ਅਤੇ ਕਮੇਟੀ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੁਸਾਇਟੀ ਵੱਲੋਂ ਸ। ਜੈਤੇਗ ਸਿੰਘ ਅਨੰਤ ਨੂੰ ਸਿਰੋਪਾ ?, ਯਾਦਗਾਰੀ ਮੋਮੈਂਟੋ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ।



ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਮੀਤ ਪ੍ਰਧਾਨ ਧਰਮ ਸਿੰਘ ਪਨੇਸਰ ਨੇ ਵੀ ਪੁਸਤਕ ਉਪਰ ਵਿਚਾਰ ਪੇਸ਼ ਕਰਦਿਆਂ ਸ। ਜੈਤੇਗ ਸਿੰਘ ਦੀ ਸੂਝ, ਕਲਾ ਅਤੇ ਵਿਦਵਤਾ ਨੂੰ ਸਲਾਮ ਕੀਤਾ। ਸੁਸਾਇਟੀ ਦੇ ਸਕੱਤਰ ਚਰਨਜੀਤ ਸਿੰਘ ਮਰਵਾਹਾ ਨੇ ਸਭਨਾਂ ਦਾ ਸਵਾਗਤ ਅਤੇ ਧੰਨਵਾਦ ਕੀਤਾ। ਇਸ ਸਮਾਗਮ ਵਿਚ ਤਰਸੇਮ ਸਿੰਘ ਵਿਰਦੀ, ਦੀਪ ਸਿੰਘ ਕਲਸੀ, ਮੋਤਾ ਸਿੰਘ ਝੀਤਾ, ਬਲਬੀਰ ਸਿੰਘ ਚਾਨਾ, ਜਸਵੰਤ ਸਿੰਘ ਜੰਡੂ, ਸੰਤੋਖ ਸਿੰਘ ਬਿਲਖੂ ਅਤੇ ਗੁਰਨਾਮ ਸਿੰਘ ਕਲਸੀ ਨੇ ਵੀ ਸ਼ਮੂਲੀਅਤ ਕੀਤੀ।

**Injured in an accident?**

**ICBC claim?**

**We can help.**

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.

604-449-7500

RANDHAWA MINHAS LLP

PERSONAL INJURY LAWYERS

T 604-449-7500 F 604-449-7501

msr@randhawalaw.ca www.randhawalaw.ca

205-7134 King George Boulevard, Surrey, BC V3W 5A3

We Can Help You Sell Your House!
Satvir Cheema
604-240-9148

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸ਼ਨਿਚਰਵਾਰ, 22 ਮਈ, 2021
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
Amrik Cheema
*PREC
604-369-7000
CENTURY 21 Coastal Realty Ltd.
#105-7928 128th St., Surrey, BC, V3W 4E8

info@amrikcheema.com

## ਸਰੀ 'ਚ ਵਧੇਰੇ ਲੋਕਾਂ ਨੂੰ ਵੈਕਸੀਨ ਦੇਣ ਲਈ ਚਾਰ ਹੋਰ ਕਲੀਨਿਕ ਖੋਲ੍ਹੇ



ਸਰੀ (ਹਰਦਮ ਮਾਨ)-ਸਰੀ ਦੇ ਵੱਧ ਤੋਂ ਵੱਧ ਲੋਕਾਂ ਨੂੰ ਵੈਕਸੀਨ ਪ੍ਰਦਾਨ ਕਰਨ ਲਈ ਬੀਸੀ ਸਰਕਾਰ, ਸਰੀ ਸਿਟੀ ਅਤੇ ਫਰੇਜ਼ਰ ਹੈਲਥ ਵੱਲੋਂ ਉਲੀਕੇ ਸਾਂਝੇ ਪ੍ਰੋਗਰਾਮ ਅਨੁਸਾਰ ਇਸ ਹਫਤੇ ਸਰੀ ਵਿਚ ਚਾਰ ਹੋਰ ਵੈਕਸੀਨ ਕਲੀਨਿਕ ਖੋਲ੍ਹੇ ਜਾ ਰਹੇ ਹਨ ਜਿਨ੍ਹਾਂ ਵਿਚ 4000 ਲੋਕਾਂ ਨੂੰ ਵੈਕਸੀਨ ਟੀਕੇ ਲਾਏ ਜਾਣਗੇ। ਇਹ ਵੈਕਸੀਨ ਕਲੀਨਕ 17 ਅਤੇ 18 ਮਈ ਨੂੰ ਬੀਅਰ ਕਰੀਕ ਪਾਰਕ, ਸਰੀ (13750 88 ਐਵੀਨਿਊ) ਅਤੇ 22 ਅਤੇ 23 ਮਈ ਨੂੰ ਸਰੀ ਸਪੋਰਟ ਐਂਡ ਲਈਅਰ (16555 ਫਰੇਜ਼ਰ ਹਾਈਵੇ, ਯੂਨਿਟ ਨੰਬਰ 100) ਵਿਚ ਸਥਾਪਿਤ ਕੀਤੇ ਜਾਣਗੇ ਅਤੇ ਇਨ੍ਹਾਂ ਵਿਚ ਹਰੇਕ ਦਿਨ ਪਹਿਲਾਂ ਪਹੁੰਚਣ ਵਾਲੇ 1000 ਲੋਕਾਂ ਨੂੰ ਟੀਕੇ ਲਾਏ ਜਾਣਗੇ। ਇਹ ਕਲੀਨਿਕ ਸਵੇਰੇ 8 ਵਜੇ ਤੋਂ ਸ਼ਾਮ 7 ਵਜੇ ਤੱਕ ਖੁੱਲ੍ਹੇ ਰਹਿਣਗੇ ਅਤੇ ਇਨ੍ਹਾਂ ਲਈ ਪਹਿਲਾਂ ਬੁਕਿੰਗ ਦੀ ਲੋੜ ਨਹੀਂ ਹੈ, ਬੁਕਿੰਗ ਉਥੇ ਹੀ ਹੋਵੇਗੀ। ਫਰੇਜ਼ਰ ਹੈਲਕ ਅਥਾਰਟੀ ਦਾ ਕਹਿਣਾ ਹੈ ਕਿ ਇਨ੍ਹਾਂ ਕਲੀਨਿਕਾਂ ਵਿਚ ਫਾਈਜ਼ਰ ਅਤੇ ਮੌਡਰਨਾ ਕੰਪਨੀਆਂ ਦੀ ਵੈਕਸੀਨ ਲਾਈ ਜਾਵੇਗੀ। ਇਨ੍ਹਾਂ ਆਰਜ਼ੀ ਕਲੀਨਿਕਾਂ ਤੇ ਟੀਕਾ ਲਗਵਾਉਣ ਵਾਲਿਆਂ ਨੂੰ ਸਰੀ ਦੇ ਵਸਨੀਕ ਹੋਣ ਦਾ ਪਹਿਚਾਣ ਪੱਤਰ ਦਿਖਾਉਣਾ ਪਵੇਗਾ।

# ਵੈਨਕੂਵਰ ਸਿਟੀ ਕੌਂਸਲ ਨੇ ਮੰਗੀ ਕਾਮਾਗਾਟਾਮਾਰੂ ਦੁਖਾਂਤ ਲਈ ਮੁਆਫੀ

## 23 ਮਈ ਨੂੰ ਕਾਮਾਗਾਟਾਮਾਰੂ ਯਾਦਗਾਰੀ ਦਿਵਸ ਮਨਾਉਣ ਦਾ ਐਲਾਨ

ਸਰੀ (ਹਰਦਮ ਮਾਨ)-ਵੈਨਕੂਵਰ ਸਿਟੀ ਕੌਂਸਲ ਦੇ ਮੇਅਰ ਕੈਨੇਡੀ ਸਟੀਵਰਟ ਨੇ ਸਿਟੀ ਕੌਂਸਲ ਅਤੇ ਆਪਣੇ ਵੱਲੋਂ ਕਾਮਾਗਾਟਾਮਾਰੂ ਘਟਨਾ ਤੇ ਅਫਸੋਸ ਪ੍ਰਗਟ ਕਰਦਿਆਂ ਇਸ ਦੁਖਾਂਤ ਲਈ ਸਿਟੀ ਵੱਲੋਂ ਨਿਭਾਈ ਭੂਮਿਕਾ ਲਈ ਖ਼ਾਸ ਤੌਰ ਤੇ ਮੁਆਫੀ ਮੰਗੀ ਹੈ। ਅੱਜ ਕਾਮਾਗਾਟਾਮਾਰੂ ਦੀ 107 ਵੀਂ ਵਰ੍ਹੇਗੰਢ ਮੌਕੇ ਉਨ੍ਹਾਂ ਕਿਹਾ ਹੈ ਕਿ ਇਸ ਨਸਲੀ ਵਿਤਕਰੇ ਲਈ ਅਤੇ ਉਸ ਤੋਂ ਬਾਅਦ ਵਾਪਰੇ ਦੁਖਾਂਤ ਲਈ ਸਾਨੂੰ ਸੱਚਮੁੱਚ ਅਫ਼ਸੋਸ ਹੈ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਵੈਨਕੂਵਰ ਸਿਟੀ ਕੌਂਸਲ ਵੱਲੋਂ 23 ਮਈ ਨੂੰ ਕਾਮਾਗਾਟਾਮਾਰੂ ਯਾਦਗਾਰੀ ਦਿਵਸ ਵਜੋਂ ਮਨਾਇਆ ਜਾਵੇਗਾ। ਇਸ ਮੌਕੇ ਸਿਟੀ ਵੱਲੋਂ ਕਾਮਾਗਾਟਾਮਾਰੂ ਯਾਤਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਰਾਹੀਂ ਇਸ ਭਿਆਨਕ ਘਟਨਾ ਨੂੰ ਦਰਸਾਉਂਦੀ ਇਕ ਵੀਡੀਓ ਵੀ ਲਾਂਚ ਕੀਤੀ ਜਾਵੇਗੀ ਅਤੇ ਵੈਨਕੂਵਰ ਸਿਟੀ ਹਾਲ ਨੂੰ ਸੰਤਰੀ ਰੰਗਤ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਕਾਮਾਗਾਟਾ ਮਾਰੂ ਦੁਖਾਂਤ 1914 ਵਿਚ ਵਾਪਰਿਆ ਸੀ, ਜਦੋਂ 376 ਯਾਤਰੀਆਂ ਨੂੰ ਲੈ ਕੇ ਕਾਮਾਗਾਟਾਮਾਰੂ ਨਾਂ ਦਾ ਜਾਪਾਨੀ ਸਮੁੰਦਰੀ ਜਹਾਜ਼ ਕੈਨੇਡਾ ਦੇ ਸ਼ਹਿਰ ਵੈਨਕੂਵਰ ਦੀ ਬੰਦਰਗਾਹ 'ਤੇ ਪੁੱਜਾ ਸੀ। ਇਸ ਜਹਾਜ਼ ਵਿਚ 340 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਸਵਾਰ ਸਨ।



23 ਮਈ 1914 ਦੇ ਦਿਨ ਸਮੇਂ ਦੀ ਕੈਨੇਡਾ ਸਰਕਾਰ ਨੇ ਨਸਲਵਾਦ ਅਤੇ ਵਿਤਕਰੇ ਦੀ ਭਾਵਨਾ ਤਹਿਤ ਉਸ ਜਹਾਜ਼ ਦੇ ਯਾਤਰੀਆਂ ਨੂੰ ਕੈਨੇਡਾ ਦੀ ਧਰਤੀ 'ਤੇ ਉੱਤਰਨ ਦੀ ਆਗਿਆ ਨਹੀਂ ਦਿੱਤੀ ਸੀ। ਇਨ੍ਹਾਂ ਯਾਤਰੀਆਂ ਨੂੰ ਬੇਰੰਗ ਹੀ ਪਰਤਣਾ ਪਿਆ ਸੀ। ਵਾਪਸੀ ਉਪਰੰਤ ਜਦੋਂ ਇਹ ਜਹਾਜ਼ ਕਲਕੱਤਾ ਦੀ ਬਜਬਜ ਬੰਦਰਗਾਹ 'ਤੇ ਪੁੱਜਾ ਤਾਂ ਇਨ੍ਹਾਂ ਪੰਜਾਬੀ ਯਾਤਰੀਆਂ 'ਤੇ ਭਾਰਤ ਵਿਚਲੀ ਅੰਗਰੇਜ਼ੀ ਹਕੂਮਤ ਦੀ ਪੁਲਿਸ ਨੇ ਗੋਲੀਆਂ ਵਰ੍ਹਾ ਦਿੱਤੀਆਂ ਸਨ, ਜਿਸ ਵਿਚ 19 ਵਿਅਕਤੀ ਸ਼ਹੀਦ ਹੋ ਗਏ ਸਨ। ਇਸ ਘਟਨਾ ਸਬੰਧੀ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੀ ਸੰਸਦ ਵਿਚ ਮੁਆਫ਼ੀ ਮੰਗ ਚੁੱਕੇ ਹਨ।

Offering Services For All Your Business and Real Estate Needs
- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes


HUGHES & COMPANY LAW CORPORATION

www.hughesco.com CEDRIC HUGHES
604.602.1828
HEAD OFFICE:
VANCOUVER
505-777 W. BROADWAY


SUNNY SANGHA • PERSONAL REAL ESTATE CORPORATION

7676 144A STREET


Welcome to Chimney Heights, East Newton's most desirable neighborhood. Over 4000 sqft home sits on a rectangular west facing 6000 sqft lot. Well kept by its owners, This bright home features 4 bedrooms on the main floor with 3 full bathrooms. The main floor features a spacious formal living room & Dining room, Family Room, an open kitchen as well as a bedroom to be used for your parents or as an office. The basement includes two mortgage helpers with one bedroom suite and a two-bedroom suite. Call now to book a private showing.

1426 KENT


Welcome to White Rock! The current home is rented for $2450 on a month-to-month basis. The building plans for a 6300 sqft plus garage home are in the city ready for permits in a month. The Seller has spent over $60,000 to have the plans ready and the property ready for permits. Buy now and start building.

9853 HUCKLEBERRY DRIVE


Welcome to Fraser Height's newest sub-division. This 4000 sqft lot is ready to build, the plans should be ready to pick up from the city in two weeks. The home will include 7 bedrooms 6 bathrooms with a media room and bar area for your own use downstairs. The total square footage for the home will be 3722 plus a garage. Call now to get more info.


Sunny Sangha
604-356-5555
SUNNY SANGHA Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com

# RIGHT LINK LOGISTICS LTD.

## WE ARE NOW HIRING DRIVERS AND OWNER OPERATORS FOR OUR DRY VAN LANES INTO USA.




## COMPANY DRIVERS AND OWNER OPERATORS

# TEAM OR SOLO

**U.S.A Routes: BC to CA, AZ, TX**

**BC to WA / WA to BC or AB**

**Canada Routes: BC / AB Canada Wide**

**Paid Picks and Drops**

**Extended Medical Benefits and Travel Insurance**

**Yard to Yard Work**

**Brand New Trucks & Trailers**

Right-Link Logistics Ltd

**Call: +1-604-857-4777 / 778-344-1964**

**Email: team@rightlink.ca**

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES
& COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

# ਓਸ਼ਨ ਵਿਊ ਫਿਸ਼ ਕੈਨਰੀ

## OCEAN VIEW FISH CANNERY



## ਫਿਸ਼ ਕੈਨਰੀ ਵਿਚ ਕੰਮ ਕਰਨ ਲਈ ਲੜਕੇ ਅਤੇ ਲੜਕੀਆਂ ਦੀ ਸਖਤ ਜ਼ਰੂਰਤ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਆ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿਚ ਚੱਲ ਰਿਹਾ ਹੈ।

* ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
* ਚੰਗੀ ਤਨਖਾਹ ਤੇ ਘਰ ਵਰਗਾ ਮਾਹੌਲ
* ਕਲਾਸ 4 ਦੇ ਡਰਾਈਵਰ ਦੀ ਲੋੜ ਹੈ।
* ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ



# 604-594-0616

# ਮਾਸਟਰ ਮਹਿੰਗਾ ਰਾਮ





**ਕਲਵੰਤ ਸਿੰਘ ਸਹੋਤਾ**
**604-589-5919**

ਮਾਸਟਰ ਮਹਿੰਗਾ ਰਾਮ ਹਿਸਾਬ, ਭਾਵ ਮੈਥਇਮੈਟਇਕਸ ਦਾ ਟੀਚਰ ਸੀ। ਉਸ ਨੇ ਅੰਗਰੇਜ਼ਾਂ ਦੇ ਪ੍ਰਬੰਧ ਅਧੀਨ ਵੀ ਪੜ੍ਹਾਇਆ ਤੇ ਨਵੇਂ ਅਜ਼ਾਦ ਹੋਏ ਭਾਰਤ ਦੇ ਨਵੇਂ ਭਾਰਤੀ ਪ੍ਰਬੰਧ ਥੱਲੇ ਭੀ।ਜਦੋਂ ਦੇਸ਼ ਅਜ਼ਾਦ ਹੋਇਆ ਤਾਂ ਜਾਂਦੇ ਜਾਂਦੇ ਅੰਗਰੇਜ਼ ਭਾਰਤ ਨੂੰ ਤਿੰਨ ਹਿੱਸਿਆਂ, ਮੌਜੂਦਾ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ (ਪੂਰਬੀ ਪਾਕਿਸਤਾਨ) 'ਚ ਵੰਡ ਗਏ ਤਾਂ ਭਾਰਤੀ ਸਕੂਲਾਂ ਦਾ ਸਾਰਾ ਪ੍ਰਬੰਧ ਵੀ ਉਥਲ-ਪੁਥਲ ਹੋ ਗਿਆ। ਜਿਵੇਂ ਪਹਿਲਾਂ ਸਕੂਲਾਂ 'ਚ ਉਰਦੂ ਪੜ੍ਹਾਇਆ ਜਾਂਦਾ ਸੀ ਤੇ ਦੇਸ਼ ਦੀ ਵੰਡ ਮਗਰੋਂ ਪਾਕਿਸਤਾਨ ਦੀ ਅੱਡਰੀ ਵੰਡ ਹੋਣ ਨਾਲ ਉਰਦੂ ਨੂੰ ਵੀ ਨਾਲ ਹੀ ਪਾਕਿਸਤਾਨ ਵਾੜ ਦਿੱਤਾ, ਤੇ ਇਸ ਦੀ ਪੜ੍ਹਾਈ ਸਕੂਲਾਂ 'ਚ ਬੰਦ ਕਰਕੇ ਇਸ ਦੀ ਥਾਂ ਹਿੰਦੀ ਪੜ੍ਹਾਈ ਜਾਣ ਲੱਗੀ; ਤਾਂ ਇੱਕ ਵਾਰੀ ਤਾਂ ਵਿੱਦਿਆ ਪ੍ਰਬੰਧ ਵਿੱਚ ਇੱਕ ਖਲਾਅ ਜਿਹਾ ਪੈਦਾ ਹੋਇਆ ਲੱਗਿਆ। ਪਰ ਮਾਸਟਰ ਮਹਿੰਗਾ ਰਾਮ ਦਾ ਵਿਸ਼ਾ ਹਿਸਾਬ ਦਾ ਹੋਣ ਕਾਰਕੇ ਉਸ ਨੂੰ ਸਕੂਲ 'ਚ ਕੋਈ, ਵੰਡ ਦੀ ਹੋਈ ਤਬਦੀਲੀ ਦਾ ਬਹੁਤਾ ਝਟਕਾ ਨਾ ਲੱਗਿਆ। ਉਸ ਪਹਿਲਾਂ, ਅੰਗਰੇਜ਼ਾਂ ਦੇ ਸਕੂਲੀ ਪ੍ਰਬੰਧ ਥੱਲੇ ਪੂਰੀ ਵਫਾਦਾਰੀ ਤੇ ਸ਼ਿੱਦਤ ਨਾਲ ਸਕੂਲ 'ਚ ਪੜ੍ਹਾਇਆ: ਫਿਰ ਜਦੋਂ ਨਵੇਂ ਸਿਰਜੇ ਭਾਰਤ 'ਚ ਕਾਂਗਰਸ ਦੀ ਨਵੀਂ ਸਰਕਾਰ ਬਣੀ ਤਾਂ ਉਸ, ਆਪਣੇ ਆਪ ਨੂੰ ਉਸ ਪ੍ਰਬੰਧ ਦੇ ਅਨਕੂਲ ਢਾਲਣ ਲਈ ਵੀ ਬਹੁਤਾ ਚਿਰ ਨਾ ਲਾਇਆ।ਵਿਦਿਆਰਥੀਆਂ ਨੂੰ ਵਿਦਿਆ ਪਰਦਾਨ ਕਰਾਉਣ ਪ੍ਰਤੀ ਉਸ ਝੱਟ ਹੀ ਨਵੇਂ ਅਜ਼ਾਦ ਭਾਰਤ ਦੇ ਪ੍ਰਬੰਧ ਮੁਤਾਬਕ ਆਪਣੇ ਆਪ ਨੂੰ ਤਿਆਰ ਕਰ ਲਿਆ। ਉਹ ਆਪਣੇ ਵਿਸ਼ੇ 'ਚ ਮਾਹਿਰ ਸੀ, ਵਿਦਿਆਰਥੀਆਂ ਨੂੰ ਹਿਸਾਬ ਦੇ ਵਿਸ਼ੇ 'ਚ ਪ੍ਰਪੱਕ ਕਰਨ ਲਈ, ਪੜ੍ਹਾਉਣ ਦੇ ਉਸ ਦੇ ਆਪਣੇ ਹੀ ਤੌਰ ਤਰੀਕੇ ਤੇ ਵਿਧੀਆਂ ਸਨ। ਉਹ ਸਖਤ ਵੀ ਬੜਾ ਸੀ, ਰੋਅਬ ਵੀ ਸੀ ਤੇ ਹਿਸਾਬ ਪੜ੍ਹਾਉਣ ਦੇ ਤੌਰ ਤਰੀਕਿਆਂ ਓਂਤੇ ਉਸ ਦੀ ਪਕੜ ਵੀਮਜਬੂਤ ਸੀ।-ਚਿੱਟੀ ਪੱਗ, ਤੁਰਲੇਦਾਰ, ਖੱਬੇ ਪਾਸੇ ਪੱਗ ਦਾ ਲੰਬਾ ਲੜ ਲਮਕਦਾ ਹੁੰਦਾ ਸੀ। ਸਿਰੋਂ ਭਾਵੇਂ ਰੋਡਾ ਸੀ ਪਰ ਆਪਣੇ ਤਰੀਕੇ ਨਾਲ ਬੰਨੀ ਚਿੱਟੀ ਪੱਗ, ਕੁੰਡਲੀਆਂ ਮੁੱਛਾਂ ਤੇ ਸਫਾ-ਚੱਟ ਦਾਹੜੀ ਵਾਲੀ ਉਸ ਦੀ ਆਪਣੀ ਹੀ ਵਿਲੱਖਣ ਦਿੱਖ ਸੀ, ਜੋ ਸਭ ਨੂੰ ਪ੍ਰਭਾਵਤ ਕਰਦੀ ਸੀ। ਪੰਜਵੀਂ ਤੋਂ ਲੈਕੇ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਉਹ ਹਿਸਾਬ ਪੜ੍ਹਾਉਂਦਾ ਸੀ। ਅੱਠਵੀਂ ਜਮਾਤ ਦਾ ਇਮਤਿਹਾਨ 'ਪੰਜਾਬ ਸਕੂਲ ਬੋਰਡ ਦੇ ਅਧੀਨ ਸੀ; ਜਿਸ 'ਚ ਉਸ ਦੇ ਵਿਦਿਆਰਥੀ ਅੱਬਲ ਦਰਜੇ 'ਚ ਇਮਤਿਹਾਨ ਪਾਸ ਕਰਕੇ, ਅਗਲੇਰੀਆਂ ਜਮਾਤਾਂ ਲਈ ਪ੍ਰਪੱਕ ਅਧਾਰ ਬਣਾ ਕੇ ਹਾਈ ਸਕੂਲ 'ਚ ਵੜਦੇ ਸਨ।

ਮੇਰਾ ਜਨਮ ਪਾਕਿਸਤਾਨ ਬਣਨ ਤੋਂ ਬਾਅਦ ਦਾ ਹੋਣ ਕਰਕੇ ਮੈਨੂੰ ਪਹਿਲੇ ਅੰਗਰੇਜ਼ਾਂ ਦੇ ਪ੍ਰਬੰਧ ਦੇ ਪ੍ਰਸੰਗ 'ਚ ਤਾਂ ਕੋਈ ਅਨੁਭਵ ਨਹੀਂ ਹੋਇਆ ਪਰ ਮਾਸਟਰ ਮਹਿੰਗਾ ਰਾਮ ਦੇ ਨਾਲ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਰਹੇ ਲਗਾਤਾਰ ਸਬੰਧ ਕਰਕੇ ਉਸ ਦੇ ਪੜ੍ਹਾਉਣ ਦੇ ਤੌਰ ਤਰੀਕਿਆਂ ਤੋਂ ਅੰਗਰੇਜ਼ੀ ਪ੍ਰਬੰਧ ਦੇ ਅਸਰ ਦੀ ਝਲਕ ਜ਼ਰੂਰ ਪੈਂਦੀ ਰਹਿੰਦੀ ਸੀ। ਨਵੇਂ ਸਕੂਲ ਪ੍ਰਬੰਧ ਮੁਕਾਬਲੇ ਉਹ ਅੰਗਰੇਜ਼ਾਂ ਦੇ ਪ੍ਰਬੰਧ ਦਾ ਦੀਵਾਨਾ ਸੀ, ਉਸ ਦੀ ਉਹ ਘਾਟ ਵੀ ਮਹਿਸੂਸ ਕਰਦਾ ਸੀ, ਜੋ ਜਮਾਤ ਪੜ੍ਹਾਉਂਦਿਆਂ ਉਹ ਅਕਸਰ

**ਅਗਲੇ ਦਿਨ ਜਦੋਂ ਸਕੂਲ ਪਹੁੰਚੇ ਤਾਂ ਮਾਸਟਰ ਮਹਿੰਗਾ ਰਾਮ ਨੇ ਪਹਿਲਾ ਕੰਮ ਇਹ ਕੀਤਾ ਕਿ ਜਿਹੜੇ ਨਿਆਣੇ ਉਸ ਦੀ ਪਹਿਚਾਣ 'ਚ ਆਏ, ਕੰਨੋ ਫੜ ਫੜ ਜਮਾਤ ਤੋਂ ਬਾਹਰ ਕੱਢ ਇੱਕ ਕਤਾਰ 'ਚ ਖੜੇ ਕਰ ਲਏ; ਗੁੱਸੇ ਨਾਲ ਲਾਲੋ ਲਾਲ, ਪਸੀਨੇ ਨਾਲ ਤ੍ਰੇਲੋ ਤ੍ਰੇਲੀ ਹੋਏ ਸਾਡੇ ਹਿਸਾਬ ਦੇ ਮਾਸਟਰ ਜੀ ਨੇ ਖੂਭ ਝਿੜਕਿਆ, ਡਾਂਟ ਪਾਈ ਤੇ ਨਾਲ ਹੀ ਡੰਡਾ ਪ੍ਰੇਡ ਵੀ ਕੀਤੀ: ਤੇ ਨਾਲੇ ਆਖੀ ਜਾਏ "ਤੁਸੀਂ ਕੱਲ ਸਾਰੇ ਪਿੰਡ 'ਚ ਮੇਰਾ ਰੱਜ ਕੇ ਜਲੂਸ ਕੱਢਿਆ"। ਸਾਨੂੰ ਜਲੂਸ ਜਲਾਸ ਦਾ ਤਾਂ ਕੋਈ ਪਤਾ ਨਾ ਲੱਗਿਆ ਕਿ ਕਿਵੇਂ ਨਿਕਲਿਆ! ਅਸੀਂ ਤਾਂ ਨਵੀਂ ਨਵੀਂ ਸਿੱਖੀ 'ਜੈ ਹਿੰਦ ਬੁਲਾਉਣ ਵਲ ਧਿਆਨ ਦਿੰਦਿਆਂ ਮਾਸਟਰ ਜੀ ਨੂੰ ਸਾਈਕਲ ਮਗਰ ਦੌੜਦਿਆਂ 'ਜੈ ਹਿੰਦ ਜਰੂਰ ਬੁਲਾਈ, ਅਤੇ ਇਹ ਵੀ ਚੇਤੇ ਹੈ ਕਿ ਸਾਰੇ ਪਿੰਡ ਦੀ ਫਿਰਨੀ ਦੁਆਲੇ ਦੌੜਦਿਆ ਤੇ ਅਗਲੇ ਪਿੰਡ ਦੇ ਰਾਹ ਪੈਣ ਤੱਕ, ਸਾਨੂੰ ਮਾਸਟਰ ਜੀ ਨੂੰ ਬੁਲਾਈ 'ਜੈ ਹਿੰਦ ਦੇ ਸਵੀਕਾਰ ਹੋਣ ਦਾ ਜੁਆਬ ਕੋਈ ਨਹੀਂ ਸੀ ਸੁਣਿਆ, ਇਸੇ ਕਰਕੇ ਹੋਰ ਉੱਚੀ ਉੱਚੀ 'ਜੈ ਹਿੰਦ ਬੁਲਾਉਂਦਾ ਨਿਆਣਿਆਂ ਦਾ ਜਥਾ ਮਗਰੇ ਮਗਰ ਭਗਦੜ ਮਚਾਉਂਦਾ ਦੌੜੀ ਗਿਆ।**



ਹੀ ਜ਼ਿਕਰ ਕਰਦਾ ਰਹਿੰਦਾ ਸੀ।- ਭਾਰਤ ਅਜ਼ਾਦ ਹੋਣ ਮਗਰੋਂ ਸਕੂਲਾਂ 'ਚ ਪਹਿਲੀ ਤਬਦੀਲੀ ਦੇਖਣ ਨੂੰ ਇਹ ਮਿਲੀ ਕਿ ਬੱਚਿਆਂ ਨੂੰ ਸਿਖਾਇਆ ਜਾਣ ਲੱਗਾ ਕਿ 'ਸਤਿ ਸ੍ਰੀ ਅਕਾਲ , 'ਨਮਸਤੇ ਜਾਂ 'ਅਸਲਾਮਾਲੇਕਮ ਕਹਿਣ ਦੀ ਥਾਂ 'ਜੈ ਹਿੰਦ ਕਿਹਾ ਜਾਏ; ਖਾਸ ਕਰ ਜਦੋਂ ਕਿਸੇ ਵੀ ਮਾਸਟਰ ਨੂੰ ਮਿਲਣਾ ਤਾਂ ਵੜੇ ਅਦਬ ਨਾਲ ਸੱਜਾ ਹੱਥ ਉੱਪਰ ਚੁੱਕ, ਗੂਠੇ ਨਾਲ ਦੀਆਂ ਦੋ ਉਂਗਲੀਆਂ ਖੋਲ ਕੇ ਮੱਥੇ ਨੂੰ ਲਾ ਜ਼ੋਰ ਨਾਲ ਉੱਚੀ ਦੇ ਕੇ ਕਹਿਣਾ 'ਮਾਹਟ ਜੀ ਜੈ ਹਿੰਦ। ਮਾਸਟਰ ਤੋਂ ਬਦਲ ਕੇ 'ਮਾਹਟ ਜਾਂ 'ਮਾਹਟਰ ਹੀ ਬੋਲਿਆ ਕਰਦੇ ਸੀ। ਇਕੱਲੇ ਸਕੂਲ ਵਿੱਚ ਹੀ ਨਹੀਂ ਸਗੋਂ ਸਕੂਲੋਂ ਬਾਹਰ ਵੀ ਜੇ ਕਦੇ ਕੋਈ ਮਾਸਟਰ ਟੱਕਰੇ ਤਾਂ ਉੱਚੀ ਦੇ ਕੇ ਫੌਜੀਆਂ ਵਾਂਗ ਸਲੂਟ ਮਾਰਕੇ 'ਮਾਹਟਰ ਜੀ ਜੈ ਹਿੰਦ ਕਹਿਣਾ; ਜੇ ਕਿਤੇ ਸਕੂਲੋਂ ਬਾਹਰ ਟੱਕਰਿਆਂ ਤੇ ਮਾਸਟਰ ਨੂੰ 'ਜੈ ਹਿੰਦ ਨਾ ਕਿਹਾ ਤਾਂ ਅਗਲੇ ਦਿਨ ਸਕੂਲੇ ਆਉਂਦਿਆਂ ਦੀ ਹੀ ਸ਼ਾਮਤ ਆ ਜਾਇਆ ਕਰਦੀ ਸੀ: ਤੇ ਮਾਸਟਰ ਨੇ ਕਹਿਣਾ ਕਿ ਤੈਂ ਜਦ ਕੱਲ ਮੈਨੂੰ ਦੇਖਿਆ ਤਾਂ 'ਜੈ ਹਿੰਦ ਕਿਉਂ ਨਹੀਂ ਕਿਹਾ ?

ਇੱਕ ਵਾਰੀ ਦੀ ਮੈਂ ਗੱਲ ਸੁਣਾਉਨਾ, ਅਸੀਂ ਛੋਟੇ ਛੋਟੇ ਕਈ ਜਣੇ ਬਾਹਰ ਖੇਡਦੇ ਸੀ, ਮਾਸਟਰ ਮਹਿੰਗਾ ਰਾਮ ਸਾਈਕਲ ਤੇ ਆਉਂਦਾ ਦਿਸ ਪਿਆ, ਤੁਰਲੇ ਵਾਲੀ ਬੰਨੀਂ ਚਿੱਟੀ ਪੱਗ, ਕੰਨ ਉੱਪਰ ਦੀ ਖੱਬੇ ਪਾਸੇ ਛੱਡਿਆ ਲੜ, ਉਹ ਲੰਡਾ ਸਾਇਕਲ ਰੱਖਦਾ ਸੀ ਭਾਵ ਕਿ ਉਸ ਦੇ ਸਾਈਕਲ ਮਗਰ ਕੈਰੀਅਰ ਨਹੀਂ ਸੀ ਹੁੰਦਾ, ਸ਼ਾਇਦ ਇਸ ਦਾ ਕਾਰਨ ਇਹ ਸੀ ਕਿ ਕਿਸੇ ਨੂੰ ਮਗਰ ਬਿਠਾ ਕੇ ਨਾ ਲੈਜਾਣਾ ਪਏ; ਕਿਉਂਕਿ ਦੂਹਰੀ ਸਵਾਰੀ ਨਾਲ ਸਾਈਕਲ ਕੱਚੇ ਰਾਹਾਂ 'ਚ ਚਲਾਉਣਾ ਡਾਢੀ ਮੁਸ਼ੱਕਤ ਵਾਲੀ ਗੱਲ ਸੀ: ਸੜਕਾਂ ਬਣੀਆਂ ਨਹੀਂ ਸਨ, ਰਸਤੇ ਕੱਚੇ, ਖੁੱਭਲੀਆਂ ਟੋਇਆਂ ਵਾਲੇ ਉੱਚੇ ਨੀਂਵੇ ਸਨ।- ਜਦੋਂ ਮਾਸਟਰ ਮਹਿੰਗਾ ਰਾਮ ਦਾ ਜੰਗਾਲਿਆ ਲੰਡਾ ਸਾਈਕਲ ਨੇੜੇ ਆਇਆ ਤਾਂ ਸਾਰੇ ਨਿਆਣੇ ਚੌਕੰਨੇ ਹੋ ਗਏ ਤੇ ਇੱਕ ਦੂਸਰੇ ਤੋਂ ਕਾਹਲੇ, ਤੇ ਹਰ ਕੋਈ ਚਾਹੇ ਕਿ ਸਭ ਤੋਂ ਪਹਿਲਾਂ 'ਜੈ ਹਿੰਦ ਮੈਂ ਕਹਿਣੀ ਹੈ! ਜਿਉਂ ਹੀ ਮਾਸਟਰ ਮਹਿੰਗਾ ਰਾਮ ਦਾ ਸਾਈਕਲ ਬਰਾਬਰ ਆਇਆ ਤਾਂ ਅਸਾਂ ਸਾਰੇ ਨਿਆਣਿਆਂ ਦਾ ਝੁੰਡ ਉੱਚੀ ਉੱਚੀ 'ਮਾਹਟਰ ਜੀ ਜੈ ਹਿੰਦ—ਮਾਹਟ ਜੀ ਜੈ ਹਿੰਦ ਕਹਿਣ ਲੱਗੇ ਤਾਂ ਇਸ ਰੌਲੇ ਗੌਲੇ 'ਚ ਸਾਨੂੰ ਮਸਟਰ ਜੀ ਨੂੰ ਬੁਲਾਈ 'ਜੈ ਹਿੰਦ ' ਦਾ ਉਸ ਦਿੱਤਾ ਜੁਆਬ ਖਬਰੇ ਸੁਣਿਆ ਕਿ ਨਹੀਂ ਇਸ ਦਾ ਤਾਂ ਸਾਨੂੰ ਕੋਈ ਪਤਾ ਨਹੀਂ ਪਰ ਉਸ ਸ਼ੁਰਕ ਦੇ ਕੇ ਸਾਡੇ ਕੋਲੋਂ ਨਿਕਲਣ ਲਈ ਆਪਣਾ ਸਾਈਕਲ ਤੇਜ਼ ਜਰੂਰ ਕਰ ਲਿਆ। ਹੁਣ ਮਾਸਟਰ ਮਹਿੰਗਾ ਰਾਮ ਮੁਹਰੇ ਮੁਹਰੇ ਸਾਈਕਲ ਤੇ ਅਤੇ ਅਸੀਂ ਮਗਰ ਮਗਰ 'ਜੈ ਹਿੰਦ—ਜੈ ਹਿੰਦ ਕਰਦੇ ਦੌੜ ਤੁਰੇ; ਜਿਉਂ ਜਿਉਂ ਅੱਗੇ ਅੱਗੇ ਜਾਂਦੇ ਮਾਸਟਰ ਦੇ ਮਗਰ ਦੌੜਦੇ ਗਏ, ਤਾਂ ਰੌਲਾ ਰੱਪਾ ਸੁਣ ਏਧਰ ਓਧਰ ਖੇਡਦੇ ਹੋਰ ਵੀ ਹਮ ਉਮਰ ਨਿਆਣੇ ਨਾਲ ਰਲਦੇ ਗਏ; ਕੱਚੇ ਰਾਹੇ ਮਾਸਟਰ ਮਹਿੰਗਾ ਰਾਮ ਦਾ ਸਾਈਕਲ ਧੂੜਾਂ ਪੁੱਟਦਾ ਪਿੰਡ ਦੀ ਫਿਰਨੀ 'ਚ ਮੁਹਰੇ ਮੁਹਰੇ ਤੇ ਅਸੀਂ, ਹੁਣ ਤੱਕ ਪੰਦਰਾਂ ਵੀਹ ਨਿਆਣਿਆਂ ਦਾ ਵੱਡਾ ਹੋ ਚੁੱਕਿਆ ਜਥਾ, ਮਗਰੇ ਮਗਰ ਧੂੜਾਂ ਉਡਾਉਂਦਾ, ਸੰਘ ਪਾੜਦੇ, ਉੱਚੀ ਤੋਂ ਉੱਚੀਇੱਕ ਦੂਸਰੇ ਤੋਂ ਹੋਰ ਉੱਚੀ ਆਵਾਜ਼ ਵਿੱਚ 'ਮਾਹਟ ਜੀ ਜੈ ਹਿੰਦ—ਮਾਹਟ ਜੀ ਜੈ ਹਿੰਦ ਕਰਦੇ;ਆਲੇ ਦੁਆਲੇ ਦੇ ਘਰਾਂ ਵਾਲਿਆਂ ਨੂੰ ਵੀ ਚੌਕੰਨੇ ਕਰਦੇ ਆਪਣੇ 'ਜੈ ਹਿੰਦ ਦੇ ਮਿਸ਼ਨ ਵਿੱਚ ਮਘਨ ਪੂਰੀ ਰਫਤਾਰ ਨਾਲ ਫਿਰਨੀ ਤੇ ਖੜਦੂੰਬ ਮਚਾਈ ਰੱਖਿਆ। ਨਾ ਹੀ ਮਾਸਟਰ ਸਾਡੀ ਬੁਲਾਈ 'ਜੈ ਹਿੰਦ ਦਾ ਜੁਆਬ ਦਏ ਤੇ ਨਾ ਹੀ ਅਸੀਂ ਪਿਛੇ ਪਿੱਛੇ ਦੌੜਨੋ ਹਟੀਏ। ਮਾਸਟਰ ਮਹਿੰਗਾ ਰਾਮ ਨੇ ਪੂਰੇ ਪਿੰਡ 'ਚ ਆਪਣਾ ਨਿਕਲਦਾ ਜਲੂਸ ਦੇਖ, ਸਾਥੋਂ ਖਹਿੜਾ ਛੁਡਾਉਣ ਲਈ ਤੇਜ ਤੋਂ ਤੇਜ ਸਾਈਕਲ ਚਲਾ ਚਲਾ ਆਪ ਵੀ ਹੰਭ ਗਿਆ ਤੇ ਨਿਆਣਿਆਂ ਨੂੰ ਵੀ ਮਗਰ ਦੌੜਦਿਆਂ ਸਾਹੋ ਸਾਹੀ ਕਰ ਦਿੱਤਾ। ਮਾਸਟਰ ਜੀ ਦਾ ਉਤਨਾ ਚਿਰ ਖਹਿੜਾ ਨਾ ਛੁੱਟਿਆ ਜਿੰਨਾ ਚਿਰ ਨਿਆਣੇ ਥੱਕ ਟੁੱਟ ਕੇ ਖਿਲਰ ਪੱਤਰ ਨਾ ਗਏ ਤੇ ਮਸਟਰ ਜੀ ਸ਼ੂਟਾਂ ਵੱਟਦੇ ਅਗਲੇ ਪਿੰਡ




ਦੇ ਰਾਹੇ ਨਾ ਚੜ੍ਹ ਗਏ। ਅਗਲੇ ਦਿਨ ਜਦੋਂ ਸਕੂਲ ਪਹੁੰਚੇ ਤਾਂ ਮਾਸਟਰ ਮਹਿੰਗਾ ਰਾਮ ਨੇ ਪਹਿਲਾ ਕੰਮ ਇਹ ਕੀਤਾ ਕਿ ਜਿਹੜੇ ਨਿਆਣੇ ਉਸ ਦੀ ਪਹਿਚਾਣ 'ਚ ਆਏ, ਕੰਨੋ ਫੜ ਫੜ ਜਮਾਤ ਤੋਂ ਬਾਹਰ ਕੱਢ ਇੱਕ ਕਤਾਰ 'ਚ ਖੜੇ ਕਰ ਲਏ; ਗੁੱਸੇ ਨਾਲ ਲਾਲੋ ਲਾਲ, ਪਸੀਨੇ ਨਾਲ ਤ੍ਰੇਲੋ ਤ੍ਰੇਲੀ ਹੋਏ ਸਾਡੇ ਹਿਸਾਬ ਦੇ ਮਾਸਟਰ ਜੀ ਨੇ ਖੂਬ ਝਿੜਕਿਆ, ਡਾਂਟ ਪਾਈ ਤੇ ਨਾਲ ਹੀ ਡੰਡਾ ਪ੍ਰੇਡ ਵੀ ਕੀਤੀ: ਤੇ ਨਾਲੇ ਆਖੀ ਜਾਏ "ਤੁਸੀਂ ਕੱਲ ਸਾਰੇ ਪਿੰਡ 'ਚ ਮੇਰਾ ਰੱਜ ਕੇ ਜਲੂਸ ਕੱਢਿਆ"। ਸਾਨੂੰ ਜਲੂਸ ਜਲਾਸ ਦਾ ਤਾਂ ਕੋਈ ਪਤਾ ਨਾ ਲੱਗਿਆ ਕਿ ਕਿਵੇਂ ਨਿਕਲਿਆ! ਅਸੀਂ ਤਾਂ ਨਵੀਂ ਨਵੀਂ ਸਿੱਖੀ 'ਜੈ ਹਿੰਦ ਬੁਲਾਉਣ ਵਲ ਧਿਆਨ ਦਿੰਦਿਆਂ ਮਾਸਟਰ ਜੀ ਨੂੰ ਸਾਈਕਲ ਮਗਰ ਦੌੜਦਿਆਂ 'ਜੈ ਹਿੰਦ ਜਰੂਰ ਬੁਲਾਈ, ਅਤੇ ਇਹ ਵੀ ਚੇਤੇ ਹੈ ਕਿ ਸਾਰੇ ਪਿੰਡ ਦੀ ਫਿਰਨੀ ਦੁਆਲੇ ਦੌੜਦਿਆ ਤੇ ਅਗਲੇ ਪਿੰਡ ਦੇ ਰਾਹ ਪੈਣ ਤੱਕ, ਸਾਨੂੰ ਮਾਸਟਰ ਜੀ ਨੂੰ ਬੁਲਾਈ 'ਜੈ ਹਿੰਦ ਦੇ ਸਵੀਕਾਰ ਹੋਣ ਦਾ ਜੁਆਬ ਕੋਈ ਨਹੀਂ ਸੀ ਸੁਣਿਆ, ਇਸੇ ਕਰਕੇ ਹੋਰ ਉੱਚੀ ਉੱਚੀ 'ਜੈ ਹਿੰਦ ਬੁਲਾਉਂਦਾ ਨਿਆਣਿਆਂ ਦਾ ਜਥਾ ਮਗਰੇ ਮਗਰ ਭਗਦੜ ਮਚਾਉਂਦਾ ਦੌੜੀ ਗਿਆ।-ਕਈ ਦਿਨ ਸਮਝ ਨਾ ਪਈ ਕਿ 'ਜੈ ਹਿੰਦ ਕਹਿਣ ਬਦਲੇ ਇਹ ਅਣਕਿਆਸੀ ਸਾਡੀ ਝਾੜ ਝੰਬ ਤੇ ਡੰਡਾ ਪਰੇਡ ਕਿਸ ਖੁਸ਼ੀ 'ਚ ਹੋ ਗਈ?-ਅਸੀ ਤਾਂ ਵਿਦਿਆਰਥੀਆਂ ਨੂੰ ਨਵੀਆਂ ਚਾੜ੍ਹੀਆਂ ਜਾ ਰਹੀਆਂ 'ਜੈ ਹਿੰਦ ਦੀਆਂ ਹਦਾਇਤਾਂ ਤੇ ਹੀ ਫੁੱਲ ਚੜਾਉਣ ਦੀ ਕੋਸ਼ਿਸ਼ ਕਰਦੇ ਮਾਸਟਰ ਜੀ ਦੇ ਸਾਈਕਲ ਦੇ ਪਿੱਛੇ ਪਿੱਛੇ ਦੌੜਦੇ ਗਏ ਤੇ ਦੌੜਦੇ ਹੀ ਗਏ ਜਿੰਨਾ ਚਿਰ ਉਹਨਾ ਸਾਡੀ 'ਜੈ ਹਿੰਦ ਪਰਵਾਨ ਨਹੀਂ ਕੀਤੀ। ਉਹਨਾ ਦੀ 'ਜੈ ਹਿੰਦ ਦੀ ਪਰਵਾਨਗੀ ਦਾ ਜੁਆਬ ਜਾਂ ਸਾਨੂੰ ਰੌਲੇ ਰੱਪੇ 'ਚ ਸੁਣਿਆ ਨਾ, ਜਾਂ ਉਹਨਾ ਜੁਆਬ ਦੇਣਾ ਮੁਨਾਸਬ ਹੀ ਨਾ ਸਮਝਿਆਅ: ਇਸ ਦਾ ਵੀ ਸਾਨੂੰ ਕੋਈ ਥਹੁ ਪਤਾ ਨਹੀਂ। ਇਸ ਘਟਨਾ ਤੋਂ ਬਾਅਦ ਤਾਂ ਘਰੇ ਆਏ ਕਿਸੇ ਪ੍ਰਾਹੁਣੇ ਨੂੰ 'ਸਤਿ ਸ੍ਰੀ ਅਕਾਲ ਬੁਲਾਉਣੋ ਵੀ ਝਿਜਕ ਹੋਣ ਲੱਗਿਆ ਸੀ ਕਿ ਜੇ ਅਣਜਾਣਪੁਣੇ 'ਚ ਕੋਈ ਕੁਤਾਹੀ ਹੋ ਗਈ ਤਾਂ ਕਿਤੇ ਘਰੋਂ ਪ੍ਰਾਹੁਣੇ ਦੇ ਜਾਣ ਮਗਰੋਂ, ਆਪਣੇ ਘਰ 'ਚ ਹੀ ਸ਼ਾਮਤ ਨਾ ਆ ਜਾਏ।

ਹੁਣ ਮੁੜ ਮਾਸਟਰ ਜੀ ਦੇ 'ਹਿਸਾਬ ਦਾ ਵਿਸ਼ਾ ਪੜ੍ਹਾਉਣ ਵਲ ਆਉਂਦੇ ਹਾਂ; ਸ਼ਾਇਦ ਮਾਸਟਰ ਜੀ ਨੇ ਵੀ ਆਪਣੇ ਹਿਸਾਬ-ਕਿਤਾਬ ਦੀਆਂ ਗਿਣਤੀਆਂ ਮਿਣਤੀਆਂ ਲਾ ਬੀਜ-ਗਣਿਤ (ਅਲਜਬਰਾ) ਦਾ ਸਮੀਕਰਨ ( ਇਕੂਏਜਨ) ਹੱਲ ਕਰ ਲਿਆ ਹੋਵੇ ਕਿ ਵਿੱਦਿਆ ਮਹਿਕਮੇ ਨੇ ਚੰਗਾ 'ਜੈ ਹਿੰਦ ਬੁਲਾਉਣ ਦਾ ਨਵਾਂ ਪੰਗਾ ਸਕੂਲਾਂ 'ਚ ਪਾ ਦਿੱਤਾ ਕਿ ਜਦੋਂ ਨਮਸਤੇ, ਅਸਲਾਮਾਲੇਕਮ ਅਤੇ ਸਤਿ ਸ੍ਰੀ ਅਕਾਲ ਬੁਲਾਉਣ ਦੀਆਂ ਖੁੱਲਾਂ ਸਨ ਤਾਂ ਪਿੰਡਾਂ ਵਿੱਚ ਦੀ ਸਾਈਕਲ ਤੇ ਲੰਘਦਿਆਂ ਅਜਿਹੇ ਨਿਆਣਿਆਂ ਦੇ ਪਾਏ ਖੜਦੂੰਬ ਦਾ ਸਾਹਮਣਾ ਨੀ ਸੀ ਕਰਨਾ ਪੈਂਦਾ।-ਜਿਉਂ ਜਿਉਂ ਅੱਗੇ ਸਮਝ ਪੈਂਦੀ ਗਈ ਤਾਂ ਆਪਣੇ ਮਨ ਦਾ ਉਲਝਿਆ ਬੀਜ-ਗਣਿਤ ਦਾ ਸਮੀਕਰਨ ਵੀ ਹੱਲ ਹੁੰਦਾ ਲੱਗਿਆ ਕਿ ਮਾਸਟਰ ਮਹਿੰਗਾ ਰਾਮ ਨੇ ਭਾਵੇਂ ਅਜ਼ਾਦ ਭਾਰਤ ਦੇ ਨਵੇਂ ਵਿੱਦਿਆ ਪ੍ਰਬੰਧ ਮੁਤਾਬਕ ਆਪਣੇ ਆਪ ਨੂੰ ਢਾਲ ਕੇ ਬਰਾਬਰ ਤੁਰਨ ਦਾ ਯਤਨ ਕੀਤਾ ਤਾਂ 'ਜੈ ਹਿੰਦ ਦੇ ਝਮੇਲੇ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿਤੱਾ ਕਿ ਤਾਜ਼ੀ ਤਾਜ਼ੀ ਆਈ ਅਜ਼ਾਦੀ ਜਿਹੜੀ ਅੰਗਰੇਜ਼ਾਂ ਦੇ ਚਲੇ ਜਾਣ ਉਪਰੰਤ ਭਾਰਤ ਦੇਸ਼ ਦੇ ਟੁਕੜੇ ਹੋਣ ਦੇ ਨਾਲ ਨਾਲ ਲੱਖਾਂ ਲੋਕਾਂ ਦਾ ਕਤਲੇਆਮ ਕਰ ਕਰਾ; ਬਰਾਬਰ ਖੁਸ਼ੀ ਖੁਸ਼ੀ ਵਸਦੇ ਭਾਈਚਾਰਿਆਂਦੇ ਮਨਾਂ 'ਚ ਜ਼ਹਿਰ ਦਾ ਬੀਜ ਭਰ ਨੁਕਸਾਨ ਹੋ ਗਿਆ ਉਹ ਇਕੱਲੀ, ਫੋਕੀ 'ਜੈ ਹਿੰਦ ਦੀ ਰਟ ਲਾਉਣ ਨਾਲ ਪੂਰਾ ਨਹੀਂ ਹੋਣਾ। ਵਟਵਾਰੇ ਸਮੇਂ ਹੋਏ ਬੇਤਹਾਸ਼ਾ ਜਾਨੀ ਮਾਲੀ ਨੁਕਸਾਨ ਨੂੰ ਕਿਸੇ ਵੀ ਨਵੇਂ ਤਕੀਆਕਲਾਮ ਜਾਂ ਨਾਹਰੇ ਨਾਲ ਸਹਿਜੇ ਪੂਰਾ ਨਹੀਂ ਕੀਤਾ ਜਾ ਸਕਦਾ।-ਸਾਡੀ ਹੋਈ ਝਾੜ ਝੰਬ ਤੇ ਡੰਡਾ ਪ੍ਰੇਡ ਨਾਲ ਮਨਾਂ ਤੇ ਹੋਏ ਜ਼ਖਮਾਂ ਨੂੰ ਇਉਂ ਮੱਲਮ ਲਾਉਣ ਦਾ ਯਤਨ ਕਰਨ ਲੱਗੇ ਕਿ ਸਾਡੇ 'ਹਿਸਾਬ ਦੇ ਵਿਸ਼ੇ 'ਚ ਬਹੁਤ ਕਾਬਲ ਮਾਸਟਰ ਮਹਿੰਗਾ ਰਾਮ ਦੀ ਆਪਣੀ ਵੀ ਮਜਬੂਰੀ ਹੋ ਸਕਦੀ ਹੈ, ਜਿਹੜੀ ਦੇਸ਼ ਦੇ ਬਟਵਾਰੇ ਉਪਰੰਤ ਹੋਈ ਬਰਬਾਦੀ ਦੇ, ਉਸ ਦੇ ਅੰਦਰ ਸਮੋਏ ਦਰਦ ਨੂੰ ਫੋਕੇ 'ਜੈ ਹਿੰਦ ਕਹਿਣ ਨਾਲ ਕਿਵੇਂ ਦੂਰ ਕੀਤਾ ਜਾ ਸਕਦਾ ਹੈ ?

JOSAN REBAR & DAMPPROOFING LTD.
7 ਸਾਲ ਤੋਂ ਵੱਧ ਤਜ਼ਰਬਾ
• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE
JR
-ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANTS
Ph: 604-593-6622
Fax: 604-593-6615
Unit 204 - 7928 128 St.
(York Business Centre) Surrey
HARDEV SINGH GREWAL
Mortgage Consultant
Cell: 604-500-3920
www.homelandmortgage.ca,
homelandmortgage@hotmail.com
KULDIP S PANESAR
Senior Mortgage Advisor
Cell: 604-308-6839

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks
NORTHCOAST LUMBER 1 604-597-8884
14682 - 66th Ave, Surrey, BC, V3S 1Z9
Fax: 604-597-0854
www.lumber1.ca/contractor




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਭਾਈ ਬਚਿੱਤਰ ਸਿੰਘ ਨੇ ਹਾਥੀ ਰੋਕਣਾ (ਵਾਰ ਸੰਦ)

218 ਆਏ ਚੜ੍ਹ ਪਹਾੜੀਏ, ਕਰ ਗੁਰਾਂ ਤੇ ਵਾਰ
ਮੂਹਰੇ ਉਨ੍ਹਾਂ ਲਾ ਲਿਆ, ਇਕ ਹਾਥੀ ਖ਼ੂੰਖਾਰ
ਮਾਰ ਟੱਕਰਾਂ ਭੰਨਣਾ, ਇਸ ਕਿਲ੍ਹੇ ਦਾ ਬਾਰ
ਫੱਟੀ ਫੱਟੀ ਕਰਕੇ, ਦੇਣੇ ਫੱਟ ਖਿਲਾਰ
ਗੁਰਾਂ ਨੇ ਕੀਤਾ ਤਿਆਰ ਸੀ, ਬਚਿੱਤਰ ਸਿੰਘ ਸਰਦਾਰ
ਚਰਨ ਛੂਹ ਕੇ ਗੁਰਾਂ ਦੇ, ਹੋਇਆ ਸਿੰਘ ਤਿਆਰ
ਛੋਟੇ ਕੱਦ ਦਾ ਸੂਰਮਾ, ਤੇ ਹਿੰਮਤ ਬੇਸ਼ੁਮਾਰ
ਸ਼ਕਤੀ ਦਿੱਤੀ ਗੁਰਾਂ ਨੇ, ਪਿੱਠ ਥਾਪੜਾ ਮਾਰ
ਘੋੜਾ ਦਿੱਤਾ ਛਾਂਟ ਕੇ, ਅੱਥਰਾ ਤੇਜ ਤਰਾਰ
ਜੋ ਸੀ ਛਾਲਾਂ ਮਾਰ ਕੇ, ਕਰਦਾ ਕੰਧਾਂ ਪਾਰ
ਰੱਖਿਆ ਪੈਰ ਰਕਾਬ ਤੇ, ਹੋ ਘੋੜੇ ਅਸਵਾਰ
ਹਾਥੀ ਰੋਕਣ ਚੱਲਿਆ, ਕਹਿਕੇ ਸਤਿ ਕਰਤਾਰ
ਹੱਥ ਵਿੱਚ ਫੜੀ ਨਾਗਣੀ, ਸੀ ਪਾਨ ਚੜ੍ਹਾਇਆ ਸਾਰ
ਦਿੱਤੀ ਪੁੱਠ ਸੀ ਜ਼ਹਿਰ ਦੀ, ਉਸ ਨੂੰ ਕਿਸੇ ਲੁਹਾਰ
ਕਮਰ ਕੱਸਾ ਕਰ ਲਿਆ, ਤੇ ਪਹਿਨ ਲਈ ਤਲਵਾਰ
ਕਰ ਅੱਖਾਂ ਗੇਰੂ ਰੰਗੀਆਂ, ਤੇ ਮੱਥੇ ਧਰੇ ਅੰਗਾਰ
ਕਰਕੇ ਮੁੱਛਾਂ ਕੁੰਢੀਆਂ, ਤੇ ਕੱਸ ਬੰਨ੍ਹੀ ਦਸਤਾਰ
ਘੋੜਾ ਧਰਤੀ ਪੱਟਦਾ, ਤੇ ਰਿਹਾ ਫੁੰਕਾਰੇ ਮਾਰ
ਚੱਲਿਆ ਜੰਗ ਨੂੰ ਸੂਰਮਾ, ਖੋਲ੍ਹ ਕਿਲ੍ਹੇ ਦਾ ਬਾਰ
ਰਣਜੀਤ ਨਗਾਰਾ ਵੱਜਿਆ, ਤੇ ਹੋਈ ਤਾੜੋ ਤਾੜ
ਰਣਸਿੰਗੇ ਵੀ ਗੂੰਜਦੇ, ਤੇ ਦਿੱਤੇ ਨਾਰ੍ਹੇ ਮਾਰ
ਅੱਡੀ ਲਾਈ ਸੂਰਮੇ, ਚੱਲਿਆ ਉਹ ਲਲਕਾਰ
ਉਸ ਦੇ ਪਿੱਛੇ ਹੋ ਲਏ, ਘੋੜੇ ਕਈ ਹਜ਼ਾਰ
ਚੱਲਿਆ ਰਾਕਟ ਵਾਂਗ ਉਹ, ਲਈ ਫੜ ਰਫਤਾਰ
ਪੌੜਾਂ ਪੁੱਟੀ ਧਰਤੀ, ਤੇ ਹੋਇਆ ਗਰਦ-ਗੁਬਾਰ
ਰਸਤੇ ਵਿਚ ਜਾ ਘੇਰਿਆ, ਉਸ ਹਾਥੀ ਖ਼ੂੰਖਾਰ
ਲਿਆ ਸਿੰਨ ਨਿਸ਼ਾਨਾ, ਉਸ ਇਰਾਦਾ ਧਾਰ
ਉਸ ਗੱਡੀ ਜਾ ਕੇ ਨਾਗਨੀ, ਫਿਰ ਹੋ ਕੇ ਪੱਬਾਂ ਭਾਰ
ਜੋ ਸੀ ਤਵੀਆਂ ਪਾੜਕੇ, ਹੋਈ ਮੱਥੇ ਚੋਂ ਪਾਰ
ਉਸਨੂੰ ਵਿਚੇ ਛੱਡਕੇ, ਫਿਰ ਧੂਹੀ ਤਲਵਾਰ
ਉਸ ਜ਼ਖ਼ਮੀ ਕੀਤਾ ਸੁੰਡ ਨੂੰ, ਵਗੇ ਲਹੂ ਘਰਾਲ
ਕੀਤੀਆਂ ਅੱਖਾਂ ਅੰਨ੍ਹੀਆਂ, ਤੇ ਖੋਭੀ ਵਿੱਚ ਕਟਾਰ
ਹਾਥੀ ਚੀਕਾਂ ਮਾਰੀਆਂ, ਸੀ ਦਿੱਤਾ ਨਸ਼ਾ ਉਤਾਰ
ਘੋੜੇ ਚੱਕ ਕੇ ਪੌੜ ਸੀ, ਦਿੱਤੇ ਅੱਖਾਂ ਤੇ ਮਾਰ
ਹਾਥੀ ਪਿੱਛੇ ਮੁੜ ਪਿਆ, ਪਾਉਂਦਾ ਚੀਕ ਚਿਹਾੜ
ਵੱਢੇ ਉਸ ਪਹਾੜੀਏ ਤੇ ਮਿੱਧ ਕੇ ਦਿੱਤੇ ਮਾਰ
ਮੱਚੀ ਵਿਚ ਪਹਾੜੀਆਂ, ਡਾਹਢੀ ਹਾਹਾਕਾਰ
ਕਹਿਣ ਨਿੱਕਾ ਜਿਹਾ ਆਦਮੀ, ਵਿਚ ਹੱਡੀਆਂ ਦੋ ਚਾਰ
ਦੇਖ ਨਜ਼ਾਰਾ ਯੁੱਧ ਦਾ, ਖ਼ੁਸ਼ ਹੋਏ ਦਾਤਾਰ
ਜੰਗ ਵਿਚ ਪੈੜਾਂ ਕਰ ਗਿਆ, ਬਚਿਤ੍ਰ ਸਿੰਘ ਬਲਕਾਰ
ਲੋਕੀ ਗੱਲਾਂ ਕਰਨਗੇ, ਜਦ ਤੱਕ ਇਹ ਸੰਸਾਰ
ਹਰਚੰਦ ਸਿੰਘਾ ਲਿਖਦੇ, ਤੂੰ ਯੋਧੇ ਦੀ ਵਾਰ॥

### ਰਾਜਾ ਕੇਸਰੀ ਚੰਦ ਦਾ ਸਿਰ ਭਾਈ ਉਦੈ ਸਿੰਘ ਨੇ ਕੱਟਣਾ

219 ਸੱਟ ਖਾ ਕੇ ਮੁੜਿਆ ਮਗਰ ਹਾਥੀ, ਫੌਜੀ ਆਪਣੇ ਮਿੱਧ ਮੁਕਾ ਦਿੱਤੇ।
ਸਿੰਘ ਨਿਕਲੇ ਕਿਲ੍ਹੇ 'ਚੋਂ ਧੂਹ ਤੇਗਾਂ, ਵੱਢ ਵੱਢ ਕੇ ਢੇਰ ਸੀ ਲਾ ਦਿੱਤੇ।
ਸਿਰ ਕੇਸਰੀ ਚੰਦ ਦਾ ਵੱਢ ਲਿਆ, ਉਦੈ ਸਿੰਘ ਨੇ ਬੋਲ ਪੁਗਾ ਦਿੱਤੇ।
ਹੋਈ ਧਰਤੀ ਲਹੂ ਲੁਹਾਨ ਉਥੇ, ਪੈਰ ਵੈਰੀ ਦੇ ਸਿੰਘਾਂ ਹਿਲਾ ਦਿੱਤੇ॥

### ਸਿੰਘਾਂ ਨੇ ਭੱਜੇ ਜਾਂਦੇ ਪਹਾੜੀਏ ਮੁਕਾਉਣੇ

220 ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ, ਪਿੱਛਾ ਕੀਤਾ ਕਰੋਧ ਦੇ ਨਾਲ ਹੈ ਸੀ।
ਸੇਵਾ ਸਿੰਘ ਤੇ ਟਹਿਲ ਸਿੰਘ ਜੀ ਨੇ, ਚੁਣੇ ਵੈਰੀ ਝਾੜੀਆਂ ਭਾਲ ਹੈ ਸੀ।
ਕਈ ਮੀਲ ਖਲਾਰੀਆਂ ਸਨ ਲਾਸ਼ਾਂ, ਵੱਢ ਕੱਢ ਕੇ ਲਾਈ ਪਾਲ ਹੈ ਸੀ।
ਸੁਧਰਸੈਨ ਦੀ ਮੰਨੀ ਨਾ ਗੱਲ ਇਨ੍ਹਾਂ, ਚੱਕੀ ਫਿਰਦਾ ਇਨ੍ਹਾਂ ਨੂੰ ਕਾਲ ਹੈ ਸੀ।

### ਕਵੀਓ ਵਾਚ

221 ਮੀਲਾਂ ਵਿਚ ਸੀ ਫ਼ੌਜ ਪਹਾੜੀਆਂ ਦੀ, ਸਨ ਚੜ੍ਹਕੇ ਬਾਈਧਾਰ ਆਏ।
ਸਿੰਘ ਕੁਛ ਹਜ਼ਾਰ ਨੇ ਮਸੀਂ ਇੱਥੇ, ਉਹ ਕਰਕੇ ਬਹੁਤ ਹੰਕਾਰ ਆਏ।
ਜੰਗਲ-ਬੇਲੇ ਪਹਾੜ ਤੇ ਨਦੀ-ਨਾਲੇ, ਸਭ ਕਰਕੇ ਦੂਰੋਂ ਸੀ ਪਾਰ ਆਏ।
ਹਰਚੰਦ ਸਿੰਘਾ ਆਏ ਜੋ ਜਿੱਤਣੇ ਨੂੰ, ਸਭ ਕੁੱਝ ਉਹ ਆਪਣਾ ਹਾਰ ਆਏ॥

222 ਲੜੇ ਜੋਸ਼ ਦੇ ਨਾਲ ਪਹਾੜੀਏ ਵੀ, ਤਾਨ ਉਨ੍ਹਾਂ ਵੀ ਸਾਰਾ ਸੀ ਲਾ ਦਿੱਤਾ।
ਬਹੁਤ ਸਿੰਘ ਵੀ ਹੋਏ ਸ਼ਹੀਦ ਉਥੇ, ਅੱਧਾ ਦਲ ਸੀ ਉਨ੍ਹਾਂ ਮੁਕਾ ਦਿੱਤਾ।
ਵੇਖੋ ਵੀਰ ਹੀ ਵੀਰਾਂ ਦੇ ਨਾਲ ਜੂਝੇ, ਦੂਜਾ ਮਹਾਂ ਭਾਰਤ ਰਚਾ ਦਿੱਤਾ।
ਹਰਚੰਦ ਸਿੰਘਾ ਹੋਣੀ ਨੂੰ ਕੌਣ ਰੋਕੇ, ਖ਼ੂਨ ਆਪਣਾ ਆਪ ਬਹਾ ਦਿੱਤਾ॥

223 ਸੇਵਾਦਾਰਾਂ ਨੇ ਚੁੱਕਿਆ ਫੱਟੜਾਂ ਨੂੰ, ਫਿਰ ਲਾਸ਼ਾਂ ਕੱਠੀਆਂ ਕਰਨ ਲੱਗੇ।
ਦੇਹਾਂ ਖਿੰਡੀਆਂ ਮੀਲਾਂ ਦੇ ਵਿਚ ਪਈਆਂ, ਹਾਲਤ ਵੇਖਕੇ ਲੋਕ ਸੀ ਡਰਨ ਲੱਗੇ।
ਸਾਰੇ ਆਪਣੇ ਕੋਈ ਨਾ ਗ਼ੈਰ ਉਥੇ, ਚੱਕ ਚੱਕ ਕੇ ਸਿਵੇ ਤੇ ਧਰਨ ਲੱਗੇ।
ਸਿਵੇ ਸੜੇ ਜਦੋਂ ਹਰਚੰਦ ਸਿੰਘਾ, ਲੇਖ ਹਿੰਦੁਸਤਾਨ ਦੇ ਸੜਨ ਲੱਗੇ॥

224 ਲੰਬੇ ਪੈਂਡੇ ਤੇ ਕੱਚੇ ਰਾਹ ਭੀੜੇ, ਲੋਥਾਂ ਘਰੀਂ ਕਿਸ ਲਜਾਣੀਆਂ ਸੀ।
ਬਿਨਾਂ ਸਿਰ ਧੜਾਂ ਜੋ ਖੇਤ ਪਈਆਂ, ਹੋਈਆਂ ਕਿਸੇ ਤੋਂ ਨਹੀਂ ਪਛਾਣੀਆਂ ਸੀ।
ਕਿੰਨੇ-ਕਿੰਨੇ ਕਿਸਦੇ ਵੀਰ ਮੋਏ, ਬਣ ਗਈਆਂ ਬਸ ਕਹਾਣੀਆਂ ਸੀ।
ਹਰਚੰਦ ਸਿੰਘਾ ਹੋਸ਼ ਦੇ ਖੋਹ ਹੱਥੋਂ, ਭੁੱਖੇ ਜੋਸ਼ ਨੇ ਬਸ ਇਹ ਖਾਣੀਆਂ ਸੀ॥

### ਮਾਤਾ ਗੁਜਰੀ ਨੂੰ ਪੋਤਰੇ ਦਾ ਫ਼ਿਕਰ

225 ਮਾਤਾ ਗੁਜਰੀ ਬੁਰਜ ਦੀ ਕੰਧ ਫੜਕੇ, ਅਜੀਤ ਸਿੰਘ ਨੂੰ ਰਾਹਾਂ ਚੋਂ ਭਾਲਦੀ ਏ।
ਹਨੇਰਾ ਹੋ ਗਿਆ ਕਿਲ੍ਹੇ ਵਿਚ ਪਰਤ ਆਈ, ਸਾਰੀ ਫ਼ੌਜ ਉਸਦੇ ਨਾਲ ਦੀ ਏ।
ਪੈਂਡੇ ਬਿਖਰੇ ਵੈਰੀਆਂ ਰਾਹ ਮੱਲੇ, ਫਿਕਰ ਉਸ ਨੂੰ ਲਾਲ ਦੇ ਲਾਲ ਦੀ ਏ।
ਹਰਚੰਦ ਸਿੰਘਾ ਬਲਦੇ ਦੇਖ ਸਿਵੇ, ਅੱਗ ਸੋਚ ਦੀ ਉਸ ਨੂੰ ਜਾਲਦੀ ਏ॥

226 ਰਾਤ ਪਈ ਤੋਂ ਜਥਾ ਅਜੀਤ ਸਿੰਘ ਦਾ, ਲੋਹਗੜ੍ਹ ਦੇ ਕਿਲ੍ਹੇ ਵਿਚ ਆਇਆ ਏ।
ਬਸਤਰ ਲਾਲ ਸੀ ਖ਼ੂਨ ਦੇ ਨਾਲ ਹੋਏ, ਉਹੋ ਥੱਕਿਆ ਭੁੱਖਾ, ਤਿਹਾਇਆ ਏ।
ਛੋਟੀ ਉਮਰ ਤੇ ਵੱਡਾ ਕਾਰਨਾਮਾ, ਅਜੀਤ ਸਿੰਘ ਨੇ ਕਰ ਵਿਖਾਇਆ ਏ।
ਹੋਲੀ ਖ਼ੂਨ ਦੀ ਖੇਡਕੇ ਪੁੱਤ ਮੁੜਿਆ, ਘੁੱਟ ਪਿਤਾ ਨੇ ਹਿਕੜੀ ਲਾਇਆ ਏ॥

### ਛੋਟੇ ਵੀਰਾਂ ਨੇ ਭਰਾ ਦੀ ਸੇਵਾ ਕਰਨੀ

227 ਅਜੀਤ ਸਿੰਘ ਸੀ ਮੰਜੇ ਤੇ ਆਣ ਢੱਠਾ, ਸਤਿਨਾਮ ਤੇ ਵਾਹਿਗੁਰੂ ਬੋਲ ਕੇ ਜੀ।
ਲਹੂ ਲਿੱਬੜੇ ਬਦਨ ਤੋਂ ਲਾਹ ਲੀੜੇ, ਦੁੱਧ ਪੀਤਾ ਹਲਦੀ ਘੋਲ ਕੇ ਜੀ।
ਜੁਝਾਰ ਸਿੰਘ ਨੇ ਧੋਤੇ ਫੱਟ ਸਾਰੇ, ਲਾਈਆਂ ਮਲ੍ਹਮਾਂ ਡੱਬੀਆਂ ਖੋਲ੍ਹ ਕੇ ਜੀ।
ਜੋਰਾਵਰ ਤੇ ਫ਼ਤਹਿ ਸਿੰਘ ਦੋਵੇਂ, ਲਿਆਏ ਪੱਟੀਆਂ ਅੰਦਰੋਂ ਟੋਲ਼ ਕੇ ਜੀ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611


Shirin Mitha
604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਰਜਨ ਭੁੱਲਰ ਬਣਿਆਂ ਪਹਿਲਾ ਭਾਰਤੀ ਵਿਸ਼ਵ ਚੈਂਪੀਅਨ



**ਜਤਿੰਦਰ ਸਾਬੀ**

ਭਾਰਤੀ ਮੂਲ ਦਾ ਪਹਿਲਵਾਨ ਅਰਜਨ ਭੁੱਲਰ ਜੋ ਕਿ ਇਸ ਵੇਲੇ ਕੈਨੇਡਾ ਵਿਖੇ ਰਹਿ ਰਿਹਾ ਹੈ ਨੇ ਸਿੰਗਾਪੁਰ ਦੀ ਧਰਤੀ ਤੇ ਕਰਵਾਏ ਗਏ ਮਿਕਸ ਮਾਰਸ਼ਲ ਆਰਟਸ (ਦੰਗਲ) ਦੇ ਹੈਵੀਵੇਟ ਮੁਕਾਬਲੇ ਵਿਚੋਂ




ਆਪਣੇ ਵਿਰੋਧੀ ਬ੍ਰੈਡਨ ਦੀ ਟਰੁੱਥ ਵੇਰਾ ਨੂੰ ਨਾਕਆਊਟ ਮੁਕਾਬਲੇ ਦੇ ਵਿਚ ਹਰਾ ਕੇ ਵਿਸ਼ਵ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ ਹੈ। ਇਹ ਜਿੱਤ ਤੋਂ ਬਾਦ ਭੁੱਲਰ ਨੇ ਭਾਰਤੀਆਂ ਨੂੰ ਕਿਹਾ ਕਿ ਮੈਂ ਤੁਹਾਡੇ ਲਈ ਖਿਤਾਬ ਲੈ ਕੇ ਆਇਆਂ ਹਾਂ। ਇਹ ਖਿਤਾਬ ਜਿੱਤਣ ਵਾਲੇ ਉਹ ਪਹਿਲੇ ਭਾਰਤੀ ਬਣੇ । ਇਸ ਜਿੱਤ ਦੇ ਨਾਲ ਭੁੱਲਰ ਨੇ ਫਿਲਪਾਈਨਜ ਮੂਲ ਦੇ ਅਮਰੀਕੀ ਵੇਰਾ ਦਾ ਪੰਜ ਸਾਲ ਤੋਂ ਚਲਿਆ ਆ ਰਿਹਾ ਇਸ ਖੇਤਰ ਦੇ ਵਿਚ ਦਬਦਬਾ ਵੀ ਖਤਮ ਕੀਤਾ। ਭੁੱਲਰ ਪਹਿਲਵਾਨੀ ਤੋਂ ਪੇਸ਼ੇਵਰ ਰੈਸਲਿੰਗ ਦੇ ਵਿਚ ਆਏ ਤੇ ਉਸ ਨੇ 2010 ਦੀਆਂ ਰਾਸ਼ਟਰਮੰਡਲ ਖੇਡਾਂ ਨਵੀ ਦਿੱਲੀ ਵਿਖੇ ਕੈਨੇਡਾ ਕੁਸ਼ਤੀ ਟੀਮ ਵੱਲੋਂ ਹਿੱਸਾ ਲੈ ਕੇ ਸੋਨ ਤਗਮਾਂ ਹਾਸਲ ਕੀਤਾ ਤੇ 2012 ਦੀ ਲੰਡਨ ਉਲੰਪਿਕ ਦੇ ਵਿਚ ਵੀ ਹਿੱਸਾ ਲਿਆ ਤੇ 2015 ਦੇ ਵਿਚ ਯੂ.ਐਫ.ਸੀ ਫਾਈਟ ਵੀ ਜਿੱਤੀ ਤੇ ਐਸਾ ਕਾਰਨਾਮਾ ਕਰਨ ਵਾਲਾ ਉਹ ਪਹਿਲਾ ਭਾਰਤੀ ਬਣਿਆ ਹੈ ਤੇ ਜਿਸ ਤੇ ਸਾਰੇ ਭਾਰਤੀ ਮਾਣ ਮਹਿਸੂਸ ਕਰ ਰਹੇ ਹਨ। ਅਰਜਨ ਸਿੰਘ ਭੁੱਲਰ ਦਾ ਜਨਮ 13 ਮਈ 1986 ਨੂੰ ਰਿਚਮੰਡ ਬ੍ਰਿਟਸ਼ ਕੋਲੰਬੀਆਂ ਕੈਨੇਡਾ ਵਿਖੇ ਹੋਇਆ। 6 ਫੁੱਟ 1 ਇੰਚ ਕੱਦ ਕਾਠ ਵਾਲੇ ਭੁੱਲਰ ਨੇ ਫਰੀ ਸਟਾਈਲ ਕੁਸ਼ਤੀ ਦੀ ਸਫਲਤਾ ਤੋਂ ਬਾਦ ਹੀ ਪੇਸ਼ੇਵੇਰ ਕੁਸ਼ਤੀ ਦੇ ਰਿੰਗ 'ਚ ਪੈਰ ਰੱਖਿਆ ਤੇ ਹੁਣ ਤੱਕ 12 ਮੁਕਾਬਲਿਆਂ ਦੇ ਵਿਚ ਭਾਗ ਲੈ ਚੁੱਕਾ ਹੈ ਤੇ 11 ਵਾਰ ਜਿੱਤ ਹਾਸਲ ਕੀਤੀ ਹੈ ਤੇ ਇਸ ਦੇ ਵਿਚੋਂ 4 ਨਾਕ ਆਊਟ ਮੁਕਾਬਲੇ ਜਿੱਤੇ ਹਨ। ਭੁੱਲਰ ਨੂੰ ਕੁਸ਼ਤੀ ਦੀ ਗੁੜ੍ਹਤੀ ਆਪਣੇ ਪਿਤਾ ਅਵਤਾਰ ਸਿੰਘ ਭੁੱਲਰ ਤੋਂ ਮਿਲੀ ਜੋ ਕਿ ਆਪਣੇ ਸਮੇਂ ਦੇ ਰੁਸਤਮੇ ਹਿੰਦ ਰਹਿ ਚੁੱਕੇ ਹਨ ਤੇ 4 ਸਾਲ ਦੀ ਉਮਰ ਤੋਂ ਅਰਜਨ ਭੁੱਲਰ ਨੇ ਕੁਸ਼ਤੀ ਦੇ ਦਾਅ ਪੇਚ ਸਿੱਖਣੇ ਸ਼ੁਰੂ ਕੀਤੇ ਤੇ ਹੌਲੀ ਹੌਲੀ ਜਿੱਤ ਦੀਆਂ ਪੌੜੀਆ ਚੜ੍ਹਦਾ ਚਲਾ ਗਿਆ ਤੇ ਇਸ ਦੀ ਕੁਸ਼ਤੀ ਦੇ ਵਿਚ ਨਿਖਾਰ ਸਾਈਮਨ ਫਰੇਜਰ ਕਾਲਜ ਤੇ ਫਰੇਜਰ ਵੈਲੀ ਯੂਨੀਵਰਸਿਟੀ ਤੋਂ ਆਇਆ ਤੇ ਇਸ ਨੇ 2007 ਦੇ ਵਿਚ ਇਕ ਮੁਕਾਬਲੇ ਵਿਚੋਂ ਤੀਜਾ ਸਥਾਨ ਹਾਸਲ ਕੀਤਾ ਤੇ ਫਿਰ 2008 ਦੇ ਵਿਚ ਚੈਂਪੀਅਨ ਬਣਿਆਂ ਤੇ 2009 ਦੇ ਵਿਚ ਭੁੱਲਰ ਨੂੰ ਪੂਰੇ ਕੈਨੇਡਾ ਦੇ ਵਿਚ ਇਕ ਨਾਮੀ ਪਹਿਲਵਾਨ ਵਜੋਂ ਪਛਾਣ ਇਸ ਕਰਕੇ ਮਿਲੀ ਕਿ ਇਸ ਨੇ ਐਨ.ਏ.ਆਈ.ਏ ਤੇ ਸੀ.ਆਈ.ਐਸ ਖਿਤਾਬ ਹਾਸਲ ਕੀਤਾ ਤੇ ਇਸ ਤਰਾਂ ਦੇ ਨਾਲ ਭੁੱਲਰ ਪੰਜ ਸਾਲ ਕੈਨੇਡਾ ਕੁਸ਼ਤੀ ਟੀਮ ਦਾ ਮੈਂਬਰ ਰਿਹਾ ਤੇ ਇਸ ਨੇ 2008 ਤੋਂ 2012 ਤੱਕ ਵਿਸ਼ਵ ਯੂਨੀਵਰਸਿਟੀ ਚੈਂਪੀਅਨਸ਼ਿਪ ਦੇ ਵਿਚ ਹਿੱਸਾ ਲਿਆ ਤੇ 2007 ਦੇ ਵਿਚ ਇਸ ਨੇ ਪੈਨ ਅਮਰੀਕਨ ਗੇਮਜ਼, 2010 ਦੀ ਰਾਸ਼ਟਰਮੰਡਲ ਗੇਮਜ਼ 'ਚੋਂ ਸੋਨ ਤਗਮਾਂ ਤੇ 2012 ਦੀ ਲੰਡਨ ਉਲੰਪਿਕ ਦੇ ਵਿਚ ਕੈਨੇਡਾ ਕੁਸ਼ਤੀ ਟੀਮ ਵੱਲੋਂ ਹਿੱਸਾ ਲਿਆ ਤੇ ਕੈਨੇਡਾ ਕੁਸ਼ਤੀ ਟੀਮ ਲਈ ਚੰਗਾ ਪ੍ਰਦਰਸ਼ਨ ਕੀਤਾ।

## ਅਰਜਨ ਭੁੱਲਰ ਦਾ ਪ੍ਰੀਵਾਰ ਪਿਛੋਕੜ

ਅਰਜਨ ਸਿੰਘ ਭੁੱਲਰ ਦੇ ਪ੍ਰੀਵਾਰ ਦਾ ਪਿਛੋਕੜ ਜਲੰਧਰ ਜਿਲ੍ਹੇ ਦੇ ਤਹਿਸੀਲ ਨਕੋਦਰ ਦੇ ਪਿੰਡ ਭੁੱਲਰ ਦੇ ਨਾਲ ਹੈ ਤੇ ਇਸ ਦਾ ਪ੍ਰੀਵਾਰ 1959-60 ਤੋਂ ਕੈਨੇਡਾ ਚਲਾ ਗਿਆ ਤੇ ਪਿਤਾ ਅਵਤਾਰ ਸਿੰਘ ਭੁੱਲਰ ਆਪ ਖੁਦ ਆਪਣੇ ਸਮੇਂ ਦੇ ਚੰਗੇ ਪਹਿਲਵਾਨ ਰਹੇ ਤੇ ਭਾਰਤ ਮੱਲ ਸਮਰਾਟ ਦਾ ਖਿਤਾਬ ਹਾਸਲ ਕੀਤਾ। ਅਰਜਨ ਭੁੱਲਰ ਦੇ ਦਾਦਾ ਪ੍ਰੀਤਮ ਸਿੰਘ ਦਾ ਇਹ ਸੰਯੁਕਤ ਪ੍ਰੀਵਾਰ ਹੈ ਤੇ ਇਸ ਦੇ ਤਾਏ ਤੇ ਚਾਚੇ ਵੀ ਚੰਗੇ ਪਹਿਲਵਾਨ ਰਹੇ ਹਨ ਤੇ ਖੇਡਾਂ ਦਾ ਮਾਹੌਲ ਇਸ ਨੂੰ ਵਿਰਾਸਤ ਤੋਂ ਮਿਲਿਆ ਤੇ ਪਿੰਡ ਦੇ ਸਕੂਲ ਦੇ ਵਿਚ ਇਸ ਪ੍ਰੀਵਾਰ ਵੱਲੋਂ ਅਧੁਨਿਕ ਜਿੰਮ ਬਣਾ ਕੇ ਦਿੱਤਾ ਹੋਇਆ ਹੈ। ਭੁੱਲਰ ਦੇ ਪ੍ਰੀਵਾਰ ਵਾਲੇ ਆਪਣੇ ਪਿੰਡ ਦੇ ਨਾਲ ਬਹੁਤ ਪਿਆਰ ਕਰਦੇ ਹਨ ਤੇ ਵੱਖ ਵੱਖ ਸਮੇਂ ਦੇ ਵਿੱਚ ਪਿੰਡ ਆ ਕੇ ਰਹਿ ਕੇ ਲੋਕਾਂ ਨਾਲ ਸੱਭਿਆਚਾਰ ਸਾਂਝ ਸਬੰਧੀ ਜਾਣਕਾਰੀ ਹਾਸਲ ਕਰਦੇ ਹਨ ਤੇ ਅਰਜਨ ਭੁੱਲਰ ਦੇ ਦੋ ਭਰਾ ਹਨ ਤੇ ਇਕ ਭੈਣ ਹੈ ਤੇ ਇਸ ਦੀ ਸ਼ਾਦੀ ਹੋਈ ਹੈ ਤੇ ਇਕ ਬੇਟੀ ਦਾ ਬਾਪ ਵੀ ਹੈ ਤੇ ਇਸ ਦੀ ਮਾਤਾ ਜੀ ਕੈਨੇਡੀਅਨ ਇੰਮੀਗਰੇਸ਼ਨ ਦੇ ਵਿਚ ਸਰਵਿਸ ਕਰਦੇ ਹਨ ਤੇ ਇਨ੍ਹਾਂ ਦੇ ਪ੍ਰੀਵਾਰ ਦੇ ਜਗਰੂਪ ਸਿੰਘ ਭੁੱਲਰ ਵੀ ਚੰਗੇ ਪਹਿਲਵਾਨ ਰਹਿ ਚੁੱਕੇ ਹਨ। ਭੁੱਲਰ ਪ੍ਰੀਵਾਰ ਦਾ ਸ਼ੁਰੂ ਤੋਂ ਹੀ ਇਹ ਸੁਪਨਾ ਸੀ ਕਿ ਇਕ ਦਿਨ ਅਰਜਨ ਭੁੱਲਰ ਵਿਸ਼ਵ ਚੈਂਪੀਅਨ ਬਣੇ ਤੇ ਪਿੰਡ, ਪ੍ਰੀਵਾਰ, ਪੰਜਾਬ ਤੇ ਭਾਰਤ ਦੀ ਨਾਮ ਰੌਸ਼ਨ ਕਰੇ ਤੇ ਵਾਹਿਗੁਰੂ ਨੇ ਉਨਾਂ ਦਾ ਇਹ ਸੁਪਨਾ ਅੱਜ ਪੂਰਾ ਕੀਤਾ ਹੈ ਤੇ ਅਰਜਨ ਭੁੱਲਰ ਨੇ ਵਿਸ਼ਵ ਚੈਂਪੀਅਨ ਬਣ ਕੇ ਆਪਣੇ ਜਿੱਤ ਪੂਰੇ ਭਾਰਤ ਵਾਸੀਆਂ ਨੂੰ ਸਮਰਪਿਤ ਕੀਤੀ ਹੈ ਤੇ ਜਿਸ ਤੇ ਦੇਸ਼ ਵਾਸੀ ਮਾਣ ਮਹਿਸੂਸ ਕਰ ਰਹੇ ਹਨ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract

Residential & Commercial
Gurvinder Sanghera: 604-729-1435
Email: gsanghera77@gmail.com

# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

ਜੱਟ ਸਿੱਖ ਕੈਨੇਡੀਅਨ ਪੀ ਆਰ , ਉਮਰ 27 ਸਾਲ, ਕੱਦ 6 ਫੁੱਟ, ਵੈਟਨਰੀ ਡਾਕਟਰ ਡਿਗਰੀ ਹੋਲਡਰ (B.Vse), ਨਸ਼ਾ ਰਹਿਤ, ਲੜਕੇ ਵਾਸਤੇ ਉੱਚ ਸਿਖਿਆ ਪ੍ਰਾਪਤ ਲੜਕੀ ਦੀ ਲੋੜ ਹੈ। ਲੜਕਾ 24 ਏਕੜ ਜ਼ਮੀਨ ਦਾ ਮਾਲਿਕ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 778-968-6874

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ-ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ- ਫੋਨ 587-892-2691, ਇੰਡੀਆ ਨੰਬਰ-98557-86891 (ਵੈਟਸਐਪ)

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ-604-761-7580 ਜਾਂ 604-599-8237

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ:**

**ਸਾਹਿਬ ਸਿੰਘ : 778-863-9000**

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਸੋਹਣੀ ਸੁਨੱਖੀ ਲੜਕੀ, ਉਮਰ 26 ਸਾਲ ਕੱਦ 5'1", ਵਾਸਤੇ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੇ ਲੋੜ ਹੈ। ਲੜਕੀ ਇੰਡੀਆ ਰਹਿੰਦੀ ਹੈ ਅਤੇ BSC (Fashion Designing) ਕੀਤੀ ਹੋਈ ਹੈ। ਲੜਕੀ ਦਾ ਪਰਿਵਾਰ ਪਹਿਲਾਂ ਹੀ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ- 778-713-0015 ਜਾਂ 604-319-0044

may08

ਕੈਨੇਡੀਅਨ ਪੀ.ਆਰ. ਸਿੱਖ ਰਾਜਪੂਤ ਪਰਮਾਰ ਲੜਕੀ, ਉਮਰ 30 ਸਾਲ, ਕੱਦ 5'6", ਰੰਗ ਸਾਫ਼, ਇਮੀਗਰੇਸ਼ਨ ਕੰਪਨੀ ਵਿਚ ਜੌਬ ਕਰਦੀ ਲੜਕੀ ਲਈ ਕੈਨੇਡਾ ਵਿਚ ਵੈੱਲ ਸੈਟਲਡ, ਸਿੱਖ ਰਾਜਪੂਤ ਜਾਂ ਜੱਟ ਸਿੱਖ, ਚੰਗੇ ਖਾਨਦਾਨ ਨਾਲ ਸਬੰਧਤ ਲੜਕਾ ਚਾਹੀਦਾ ਹੈ। ਸਿਰਫ ਸਰੀ-ਵੈਨਕੂਵਰ ਇਲਾਕੇ ਵਾਲੇ ਹੀ ਸੰਪਰਕ ਕਰਨ।

ਫੋਨ: 778 141 1207

ਈਮੇਲ: ikttyparmar22@gmail.com

may08

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

H.R. Stucco & Renovations Ltd. ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ। ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800 | ਅਸੀ ਨਵੇਂ ਅਤੇ ਪੁਰਾਣੇ ਘਰਾਂ ਨੂੰ ਵਧੀਆ ਅਤੇ ਸਸਤੇ ਰੇਟਾਂ ਤੇ ਸਟੱਕੋ ਕਰਦੇ ਹਾਂ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੌਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

dec31

### ਵਰਕਰਾਂ ਦੀ ਲੋੜ

Upholstered ਫਰਨੀਚਰ ਨਿਰਮਾਣ ਵਾਲਿਆਂ ਨੂੰ ਤਜਰਬੇਕਾਰ ਸੀਮਸਟ੍ਰੈਸ (seamstress) ਦੀ ਜ਼ਰੂਰਤ ਹੈ। ਕੱਟਣ ਦੇ ਪੈਟਰਨ, ਸਿਲਾਈ ਸੀਟ ਅਤੇ ਬੈਕ ਕੁਸ਼ਨ, ਉਦਯੋਗਿਕ ਸਿਲਾਈ ਮਸ਼ੀਨਾਂ ਨਾਲ ਕੰਮ ਕਰਨ ਦਾ ਤਜਰਬਾ ਹੋਣਾ ਚਾਹਿਦਾ ਹੈ। ਵੇਰਵੇ ਅਨੁਸਾਰ ਹੋਣ ਦੇ ਦੌਰਾਨ ਇੱਕ ਸਮਰੱਥਾ ਦੀ ਰਫਤਾਰ ਨਾਲ ਕੰਮ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਜੇ ਤੁਹਾਡੇ ਕੋਲ ਫਰਨੀਚਰ ਸੀਮਸਟ੍ਰੈਸ (seamstress) ਦਾ ਪੰਜ ਜਾਂ ਇਸ ਤੋਂ ਵੱਧ ਸਾਲਾਂ ਦਾ ਤਜਰਬਾ ਹੈ ਤਾਂ ਤਨਖਾਹ $20 ਡਾਲਰ ਪ੍ਰਤੀ ਘੰਟਾ ਤੋਂ ਸ਼ੁਰੂ ਹੁੰਦੀ ਹੈ। ਘੱਟ ਤਜਰਬੇਕਾਰ ਸੀਮਸਟ੍ਰੈਸ ਤਨਖਾਹ $16 ਡਾਲਰ ਪ੍ਰਤੀ ਘੰਟੇ ਤੋਂ ਸ਼ੁਰੂ ਹੁੰਦੀ ਹੈ ਅਤੇ ਅਸੀਂ ਸਿਖਲਾਈ ਦੇਵਾਂਗੇ। ਮਿਹਨਤਾਨਾ ਤਜਰਬੇ ਅਤੇ ਮਹਾਰਤ 'ਤੇ ਅਧਾਰਤ ਹੈ। ਕੰਮ ਫੁਲ ਟਾਇਮ ਹੈ। ਕੰਮ ਤੇ ਕੋਵਿਡ ਦੇ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ।

**ਹੋਰ ਜਾਣਕਾਰੀ ਲਈ ਸੰਪਰਕ ਕਰੋ: 604-524-8901**

# ਉਡਣਾ ਸਿੱਖ ਮਿਲਖਾ ਸਿੰਘ ਕਰੋਨਾ ਪੀੜਤ ਹੋਏ

ਨਵੀਂ ਦਿੱਲੀ-ਮਸ਼ਹੂਰ ਭਾਰਤੀ ਦੌੜਾਕ ਮਿਲਖਾ ਸਿੰਘ ਕਰੋਨਾ ਪਾਜ਼ੇਟਿਵ ਪਾਏ ਗਏ ਹਨ ਅਤੇ ਉਹ ਚੰਡੀਗੜ੍ਹ 'ਚ



ਆਪਣੀ ਰਿਹਾਇਸ਼ 'ਤੇ ਇਕਾਂਤਵਾਸ ਹਨ। 'ਉਡਣਾ ਸਿੱਖ' ਵਜੋਂ ਜਾਣੇ ਜਾਂਦੇ 91 ਸਾਲਾ ਮਿਲਖਾ ਸਿੰਘ 'ਚ ਲਾਗ ਦੇ ਲੱਛਣ ਨਹੀਂ ਹਨ। ਮਿਲਖਾ ਨੇ ਕਿਹਾ, 'ਸਾਡੇ ਕੁਝ ਸਹਾਇਕ/ਹੈਪਲਰ ਪਾਜ਼ੇਟਿਵ ਪਾਏ ਗਏ ਹਨ, ਇਸ ਲਈ ਸਾਰੇ ਪਰਿਵਾਰਕ ਮੈਂਬਰਾਂ ਦੀ ਜਾਂਚ ਕੀਤੀ ਗਈ। ਸਿਰਫ ਮੇਰਾ ਨਤੀਜਾ ਪਾਜ਼ੇਟਿਵ ਆਇਆ ਅਤੇ ਮੈਂ ਹੈਰਾਨ ਹਾਂ।' ਉਨ੍ਹਾਂ ਕਿਹਾ, 'ਮੈਂ ਪੂਰੀ ਤਰ੍ਹਾਂ ਠੀਕ ਹਾਂ ਅਤੇ ਕੋਈ ਬੁਖਾਰ ਜਾਂ ਬਲਗਮ ਨਹੀਂ ਹੈ। ਮੇਰੇ ਡਾਕਟਰ ਨੇ ਦੱਸਿਆ ਕਿ ਮੈਂ ਤਿੰਨ ਤੋਂ ਚਾਰ ਦਿਨਾਂ ਵਿੱਚ ਠੀਕ ਹੋ ਜਾਵਾਂਗਾ। ਮੈਂ ਕੱਲ੍ਹ ਕਸਰਤ ਕੀਤੀ।' ਮਿਲਖਾ ਦਾ ਬੇਟਾ ਗੋਲਫਰ ਜੀਵ ਮਿਲਖਾ ਸਿੰਘ ਦੁਬਈ ਵਿੱਚ ਹੈ ਅਤੇ ਇਸ ਹਫਤੇ ਵਾਪਸ ਆਵੇਗਾ।

# ਮਮਤਾ ਦੀ ਪ੍ਰਧਾਨ ਮੰਤਰੀ ਖਿਲਾਫ ਟਿਪਣੀ ਤੋਂ ਔਖੀ ਹੋਈ ਭਾਜਪਾ

ਨਵੀਂ ਦਿੱਲੀ-ਭਾਜਪਾ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੀਟਿੰਗ ਬਾਰੇ ਟਿੱਪਣੀ ਕਰਨ 'ਤੇ ਘੇਰਿਆ ਹੈ। ਕੇਂਦਰੀ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਦੋਸ਼ ਲਾਇਆ ਕਿ ਮਮਤਾ ਬੈਨਰਜੀ ਨੇ ਮੀਟਿੰਗ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਹੈ ਤੇ ਉਨ੍ਹਾਂ ਨੇ ਅਜਿਹਾ ਪਹਿਲੀ ਵਾਰ ਨਹੀਂ ਕੀਤਾ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਮਮਤਾ ਜ਼ਿਆਦਾਤਰ ਮੀਟਿੰਗਾਂ ਵਿਚ ਹਿੱਸਾ ਹੀ ਨਹੀਂ ਲੈਂਦੀ ਤੇ ਜੇ ਅੱਜ ਪ੍ਰਧਾਨ ਮੰਤਰੀ ਨੇ ਜ਼ਿਲ੍ਹਾ ਮੈਜਿਸਟਰੇਟਾਂ ਦੇ ਜ਼ਿਲ੍ਹਿਆਂ ਵਿਚ ਕੀਤੇ ਚੰਗੇ ਕੰਮਾਂ ਦੀ ਸ਼ਲਾਘਾ ਕੀਤੀ ਹੈ ਤਾਂ ਇਸ ਵਿਚ ਗਲਤ ਕੀ ਹੈ। ਇਸ ਤੋਂ ਪਹਿਲਾਂ ਮਮਤਾ ਬੈਨਰਜੀ ਨੇ ਕਿਹਾ ਸੀ ਕਿ ਪ੍ਰਧਾਨ ਮੰਤਰੀ ਨਾਲ ਮੀਟਿੰਗ ਵਿਚ ਹਰ ਮੁੱਖ ਮੰਤਰੀ ਨੂੰ ਕਠਪੁਤਲੀ ਬਣਾ ਦਿੱਤਾ ਜਾਂਦਾ ਹੈ ਤੇ ਕਿਸੇ ਨੂੰ ਵੀ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਉਨ੍ਹਾਂ ਕਿਹਾ ਕਿ ਜੇ ਮੁੱਖ ਮੰਤਰੀਆਂ ਨੂੰ ਸੂਬੇ ਦੇ ਹਾਲਾਤ ਬਾਰੇ ਬੋਲਣ ਹੀ ਨਹੀਂ ਦੇਣਾ ਤਾਂ ਮੀਟਿੰਗ ਸੱਦਣ ਦਾ ਕੀ ਫਾਇਦਾ।

# ਹਰਿਆਣਾ ਪੁਲਿਸ ਵਲੋ 350 ਕਿਸਾਨਾਂ ਖਿਲਾਫ ਇਰਾਦਾ ਕਤਲ ਕੇਸ ਦਰਜ

ਚੰਡੀਗੜ੍ਹ-ਹਰਿਆਣਾ ਪੁਲੀਸ ਨੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਖ਼ਿਲਾਫ਼ ਹਿਸਾਰ ਵਿੱਚ ਪ੍ਰਦਰਸ਼ਨ ਕਰਨ ਅਤੇ ਪੁਲੀਸ ਤੇ ਕਿਸਾਨਾਂ ਦਰਮਿਆਨ ਹੋਈ ਝੜਪ ਦੇ ਮਾਮਲੇ ਵਿੱਚ 350 ਕਿਸਾਨਾਂ ਖ਼ਿਲਾਫ਼ ਇਰਾਦਾ ਕਤਲ ਦਾ ਕੇਸ ਦਰਜ ਕੀਤਾ ਹੈ। ਇਹ ਕੇਸ ਥਾਣਾ ਅਰਬਨ ਅਸਟੇਟ ਦੇ ਐੱਸਐੱਚਓ ਵਰਿੰਦਰ ਕੁਮਾਰ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਦਾ ਕਹਿਣਾ ਸੀ ਕਿ ਹਸਪਤਾਲ ਦੇ ਉਦਘਾਟਨ ਮਗਰੋਂ ਕਿਸਾਨਾਂ ਤੇ ਪੁਲੀਸ ਵਿਚਕਾਰ ਹੋਏ ਟਕਰਾਅ ਕਰਕੇ 5 ਮਹਿਲਾ ਪੁਲੀਸ ਮੁਲਾਜ਼ਮਾਂ ਸਣੇ 20 ਪੁਲੀਸ ਅਧਿਕਾਰੀਆਂ ਦੇ ਸੱਟਾਂ ਵੱਜੀਆਂ ਤੇ ਇਹ ਸਾਰੇ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ।

# ਬਰਤਾਨੀਆ ਵਿਗਿਆਨੀ ਦਾ ਕਰੋਨਾ ਵਾਇਰਸ ਬਾਰੇ ਖੁਲਾਸਾ

ਵਾਸ਼ਿੰਗਟਨ-ਬਰਤਾਨੀਆ ਦੇ ਵਿਗਿਆਨੀ ਨਿਕੋਲਸ ਵੇਡ ਨੇ ਕਿਹਾ ਹੈ ਕਿ ਚੀਨ ਦੇ ਵੂਹਾਨ ਇੰਸਟੀਚਿਊਟ ਆਫ ਵਾਇਰੋਲਾਜੀ ਦੇ ਖੋਜਕਾਰ ਕਰੋਨਾ ਵਾਇਰਸ ਤੋਂ ਮਨੁੱਖੀ ਕੋਸ਼ਿਕਾਵਾਂ ਅਤੇ ਚੂਹਿਆਂ ਨੂੰ ਲਾਗਗ੍ਰਸਤ ਕਰਨ ਲਈ ਪ੍ਰਯੋਗ ਕਰ ਰਹੇ ਸਨ ਤੇ ਇਸੇ ਪ੍ਰਯੋਗ ਤੋਂ ਕੋਵਿਡ-19 ਵਰਗੇ ਵਾਇਰਸ ਦੇ ਪੈਦਾ ਹੋਣ ਦੀ ਸੰਭਾਵਨਾ ਹੈ। ਵੇਡ ਨੇ ਆਪਣੇ ਲੇਖ ਵਿਚ ਇਸ ਦਾ ਖੁਲਾਸਾ ਕੀਤਾ ਹੈ। ਕਰੋਨਾ ਵਾਇਰਸ ਦਸੰਬਰ 2019 ਵਿਚ ਵੂਹਾਨ ਵਿਚ ਫੈਲਣਾ ਸ਼ੁਰੂ ਹੋਇਆ ਸੀ ਤੇ ਵਿਸ਼ਵ ਵਿਚ ਮਹਾਮਾਰੀ ਵਜੋਂ ਫੈਲ ਗਿਆ। ਉਨ੍ਹਾਂ ਕਿਹਾ ਕਿ ਇਸ ਵਾਇਰਸ ਬਾਰੇ ਦੋ ਕਿਆਸ ਲਾਏ ਜਾ ਰਹੇ ਹਨ। ਪਹਿਲਾ ਵਾਇਰਸ ਵਣ ਜੀਵਾਂ ਤੋਂ ਮਨੁੱਖ ਵਿਚ ਕੁਦਰਤੀ ਤੌਰ 'ਤੇ ਆਇਆ ਤੇ ਦੂਜਾ ਇਹ ਵਾਇਰਸ ਕਿਸੀ ਪ੍ਰਯੋਗਸ਼ਾਲਾ ਵਿਚ ਪ੍ਰਯੋਗ ਕਰਦੇ ਹੋਏ ਫੈਲ ਗਿਆ। ਉਨ੍ਹਾਂ ਕਿਹਾ ਕਿ ਵੂਹਾਨ ਚੀਨ ਦੇ ਮੁੱਖ ਕਰੋਨਾ ਵਾਇਰਸ ਖੋਜ ਦਾ ਕੇਂਦਰ ਸੀ ਜਿਥੇ ਖੋਜਕਰਤਾ ਮਨੁੱਖੀ ਕੋਸ਼ਿਕਾਵਾਂ 'ਤੇ ਅਸਰ ਪਾਉਣ ਲਈ ਚਮਗਾਦੜਾਂ ਸਬੰਧੀ ਕਰੋਨਾ ਵਾਇਰਸ ਬਣਾ ਰਹੇ ਸਨ। ਉਨ੍ਹਾਂ ਇਹ ਵੀ ਕਿਹਾ ਕਿ ਖੋਜ ਕਰ ਰਹੇ ਵਿਗਿਆਨੀਆਂ ਦਾ ਵਾਇਰਸ ਦੇ ਬਚਾਅ ਲਈ ਟੀਕਾਕਰਨ ਨਹੀਂ ਹੋਇਆ ਸੀ ਤੇ ਉਹ ਘੱਟ ਸੁਰੱਖਿਆ ਪ੍ਰਬੰਧਾਂ ਹੇਠ ਕੰਮ ਕਰ ਰਹੇ ਸਨ। ਇਸ ਕਰ ਕੇ ਉਥੋਂ ਕਰੋਨਾ ਵਾਇਰਸ ਪੈਦਾ ਹੋਣਾ ਹੈਰਾਨੀ ਦੀ ਗੱਲ ਨਹੀਂ ਹੈ।

# ਸਹਿਜਵੰਤੇ ਪੰਜਾਬੀ ਵਿਦਵਾਨ ਤੇ ਲੇਖਕ ਨਿਰੰਜਨ ਸਿੰਘ ਸਾਥੀ ਦਾ ਵਿਛੋੜਾ

**ਗੁਰਭਜਨ ਗਿੱਲ**

ਲੁਧਿਆਣਾ-ਸਵੇਰ ਸਾਰ ਪਤਾ ਲੱਗਾ ਕਿ ਸਾਡੇ ਸਹਿਜਵੰਤੇ ਬਜ਼ੁਰਗ ਸ: ਨਿਰੰਜਨ ਸਿੰਘ ਸਾਥੀ ਸੁਰਗਵਾਸ ਹੋ ਗਏ ਨੇ। ਬੀਤੇ ਦਿਨੀ ਮਹਿੰਦਰ ਸਾਥੀ ਗਿਆ ਤੇ ਹੁਣ ਦੂਜਾ ਸਾਥੀ। ਪੰਜਾਬੀ ਸਾਹਿੱਤ ਵਿੱਚ ਹੁਣ ਸਾਥੀ ਮੁੱਕ ਗਏ। ਸਾਥੀ ਲੁਧਿਆਣਵੀ ਪਹਿਲਾਂ ਚਲਾ ਗਿਆ ਸੀ ਵਲਾਇਤ ਵਾਲਾ। ਸਾਥੀ ਜੀ ਨਾਲ ਮੇਰੀ ਪਹਿਲੀ ਮੁਲਾਕਾਤ 1975 ਚ ਗੁਰਚਰਨ ਰਾਮਪੁਰੀ ਨੇ ਕਰਵਾਈ ਸੀ। ਲਿਖਾਰੀ ਸਭਾ ਰਾਮਪੁਰ ਦੇ ਸਾਲਾਨਾ ਸਮਾਗਮ ਤੇ। ਰਾਮਪੁਰੀ ਕੈਨੇਡਾ ਤੋਂ ਆਇਆ ਹੋਇਆ ਸੀ, ਰੰਗੀਲ ਤਸਵੀਰਾਂ ਵਾਲਾ ਕੈਮਰਾ ਲੈ ਕੇ। ਸਾਡੀਆਂ ਸਭਨਾਂ ਦੀਆਂ ਉਸ ਰੰਗੀਲ ਤਸਵੀਰਾਂ ਖਿੱਚੀਆਂ। ਮੈਂ ਪਹਿਲੀ ਵਾਰ ਰਾਮਪੁਰ ਸਭਾ ਚ ਗਿਆ ਸਾਂ। ਲਾਲਚ ਸੀ ਗੁਰਚਰਨ ਰਾਮਪੁਰੀ ਵੇਖਣ ਦਾ। ਅਸਲ ਵਿੱਚ ਸਾਨੂੰ ਸੁਰਜੀਤ ਰਾਮਪੁਰੀ ਜੀ ਸੱਦਾ ਦੇ ਕੇ ਗਏ ਸਨ ਗੌਰਮਿੰਟ ਕਾਲਿਜ ਚ ਆ ਕੇ। ਸੁਰਜੀਤ ਰਾਮਪੁਰੀ ਨੇ ਹੀ ਦੱਸਿਆ ਕਿ ਲਿਖਾਰੀ ਲਭਾ ਵੱਲੋਂ ਸਾਥੀ ਜੀ ਦੀ ਪੁਸਤਕ ਕਥਨਾਵਲੀ ਤੇ ਲੋਕ ਕਹਾਣੀਆਂ ਦੀ ਕਿਤਾਬ ਮੱਲ ਸਿੰਘ ਰਾਮਪੁਰੀ ਨਾਲ ਸਾਂਝੇ ਤੌਰ ਤੇ ਏਨੀ ਮੇਰੀ ਬਾਤ ਛਾਪੀ ਗਈ ਹੈ। ਉਦੋਂ ਸ: ਨਿਰੰਜਨ ਸਿੰਘ ਸਾਥੀ ਇਸ ਇਲਾਕੇ ਚ ਸਕੂਲ ਅਧਿਆਪਕ ਸਨ।

ਮਗਰੋਂ ਕਈ ਸਾਲਾਂ ਬਾਅਦ ਰੋਜ਼ਾਨਾ ਅਜੀਤ ਦੇ ਦਫ਼ਤਰ 'ਚ ਅਕਸਰ ਮਿਲਦੇ। ਬਹੁਤ ਸਹਿਜ, ਸੁਹਜ, ਸਾਦਗੀ ਤੇ ਸੰਤੁਲਨ ਦੀ ਮੂਰਤ ਸਨ। ਕੁਝ ਸਾਲਾਂ ਤੋਂ ਮੇਰਾ ਵੀ ਜਲੰਧਰ ਚੱਕਰ ਨਹੀਂ ਲੱਗਿਆ, ਜਿਸ ਕਾਰਨ ਉਨ੍ਹਾਂ ਨਾਲ ਮੁਲਾਕਾਤ ਨਾ ਹੋ ਸਕੀ। ਉਹ ਹਰ ਵੇਲੇ ਕੁਝ ਨਾ ਕੁਝ ਪੜ੍ਹਦੇ ਲਿਖਦੇ ਰਹਿੰਦੇ। ਕਦੇ ਵਾਧੂ ਗੱਲ ਨਹੀਂ ਸੀ ਸੁਣੀ



ਉਨ੍ਹਾਂ ਦੇ ਮੂੰਹੋਂ। ਬਾਬਲ ਵਰਗੇ ਸਨ ਸਾਡੇ ਲਈ। ਦੋ ਅਪਰੈਲ ਨੂੰ ਉਨ੍ਹਾਂ 91ਵਾਂ ਸਾਲ ਸੰਪੂਰਨ ਕੀਤਾ ਸੀ। ਉਨ੍ਹਾਂ ਦੀ ਰਚਨਾ ਚਰਨ ਚਲਹੁ ਮਾਰਗਿ ਗੋਬਿੰਦ ਬੜੀ ਮੁੱਲਵਾਨ ਰਚਨਾ ਹੈ। ਪਹਿਲਾਂ ਲੜੀਵਾਰ ਅਜੀਤ ਚ ਛਪੀ ਤੇ ਮਗਰੋਂ ਚਤਰ ਸਿੰਘ ਜੀਵਨ ਸਿੰਘ ਵਾਲਿਆਂ ਪ੍ਰਕਾਸ਼ਿਤ ਕੀਤੀ। ਪੜ੍ਹਨੀ ਚਾਹੋ ਤਾਂ ਐਮਾਜ਼ੋਨ ਤੋਂ ਮੰਗਵਾ ਸਕਦੇ ਹੋ। ਉਨ੍ਹਾਂ ਦਾ ਜਨਮ ਪਿੰਡ ਭਾਵੇਂ ਜ਼ਿਲ੍ਹਾ ਹੋਸ਼ਿਆਰਪੁਰ ਚ ਪਰਸੋਵਾਲ ਸੀ ਪਰ ਉਮਰ ਦਾ ਲੰਮਾ ਸਮਾਂ ਉਹ ਗੁਰੂ ਤੇਗ ਬਹਾਦਰ ਨਗਰ ਨੇੜੇ ਮਾਡਲ ਟਾਉਨ ,ਜਲੰਧਰ ਚ ਹੀ ਰਹੇ। ਉਨ੍ਹਾਂ ਦੇ ਸਹਿਕਰਮੀ ਪਰਮਜੀਤ ਸਿੰਘ ਵਿਰਕ ਨੇ ਦੱਸਿਆ ਕਿ ਉਹ ਕੋਵਿਡ ਤੋਂ ਪੀੜਤ ਹੋ ਗਏ ਸਨ ਪਰ ਪੂਰੇ ਠੀਕ ਹੋਣ ਉਪਰੰਤ ਆਂਤਮੀਆਂ ਦੇ ਕਿਸੇ ਰੋਗ ਕਾਰਨ ਹਸਪਤਾਲ ਚ ਸਨ। ਸਿਆਣੀ ਉਮਰ ਕਾਰਨ ਸਰਜਰੀ ਕਰਨੋਂ ਵੀ ਡਾਕਟਰ ਸਾਹਿਬਾਨ ਦੋਚਿੱਤੀ ਚ ਸਨ, ਅੱਜ ਫ਼ੈਸਲਾ ਕਰਨਾ ਸੀ ਕਿ ਕੀ ਕਰੀਏ ? ਪਰ ਉਹ ਤੜਕਸਾਰ ਪ੍ਰਭਾਤ ਵੇਲੇ ਅੰਤਿਮ ਫ਼ਤਹਿ ਬੁਲਾ ਗਏ। 1949 ਚ ਉਨ੍ਹਾਂ ਦੀ ਪਹਿਲੀ ਪੁਸਤਕ ਪੰਥਕ ਹਲੂਣੇ ਛਪੀ। ਦੋ ਸਾਲਾਂ ਬਾਦ ਟੁੱਟੀਆਂ ਜੰਜ਼ੀਰਾਂ। ਵਰਤਮਾਨ ਪੰਜਾਬੀ ਸ਼ਬਦਜੋੜ 1953 ਚ ਛਪੀ। ਪੰਖੜੀਆਂ 1956,ਹਰਿਆਣਾ ਦੇ ਲੋਕ ਰੁਮਾਂਸ 1964, ਏਨੀ ਮੇਰੀ ਬਾਤ 1966 ਤੇ ਕਥਨਾਵਲੀ 1973ਚ ਛਪੀ। ਸੇਵਾ ਮੁਕਤੀ ਉਪਰੰਤ 1991 ਚ ਉਹ ਅਜੀਤ ਦੇ ਮੈਗਜ਼ੀਨ ਸੈਕਸ਼ਨ ਚ ਆ ਗਏ। ਹਰਿਆਣਾ ਦੇ ਚਰਖੀ ਦਾਦਰੀ ਇਲਾਕੇ ਚ ਪੜ੍ਹਾਉਂਦਿਆਂ ਉਨ੍ਹਾਂ ਉਥੇ ਵੀ ਸਾਹਿੱਤ ਸਭਾ ਸਥਾਪਤ ਕਰ ਦਿੱਤੀ। ਜਲੰਧਰ ਦੀ ਪੰਜਾਬੀ ਲੇਖਕ ਸਭਾ ਦੇ ਵੀ ਉਹ ਲੰਮਾ ਸਮਾਂ ਅਹੁਦੇਦਾਰ ਰਹੇ। ਇਹੋ ਜਹੇ ਸੱਜਣਾਂ ਦੇ ਜਾਣ ਤੇ ਮਨ ਬੇਹੱਦ ਉਦਾਸ ਹੁੰਦਾ ਹੈ, ਕਿਉਂਕਿ ਇਹ ਪਿਆਰੇ ਗਿਆਨ ਭੰਡਾਰ ਕੋਸ਼ ਹੁੰਦੇ ਨੇ। ਸਾਡੇ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਵਾਂਗ। ਜੋ ਜਾਣਦੇ ਹੁੰਦੇ ਹਨ ਕਿ ਕਿਹੜਾ ਗਿਆਨ ਕਿਸ ਪੁਸਤਕ ਵਿੱਚ ਕਿੱਥੇ ਲੁਕਿਆ ਬੈਠਾ ਹੈ। ਵਰਤਣ ਵੇਲੇ ਇਨ੍ਹਾਂ ਦੀ ਅਗਵਾਈ ਉਸ ਬਾਪੂ ਵਰਗੀ ਲੱਗਦੀ ਹੈ ਜੋ ਕਾਲ਼ੀ ਬੋਲ਼ੀ ਰਾਤ ਵਿੱਚ ਸਾਡੇ ਅੱਗੇ ਲਾਲਟੈਣ ਲੈ ਕੇ ਤੁਰ ਰਿਹਾ ਹੋਵੇ। ਸਾਥੀ ਜੀ ਦੀ ਸਰਬਪੱਖੀ ਗਿਆਨਵੰਤ ਸ਼ਖ਼ਸੀਅਤ ਨੂੰ ਸਲਾਮ!




# ਕੈਲਗਰੀ ਦੇ ਡਾ: ਅਨਮੋਲ ਕਪੂਰ ਨੇ ਬਣਵਾਈ 10 ਕਰੋੜ ਦੀ ਫਰਾਰੀ

## ਮਾਈਕਲ ਸ਼ੁਮਾਕਰ ਦੇ ਪ੍ਰਸੰਸਕ ਰਹੇ ਡਾਕਟਰ ਅਨਮੋਲ ਕਪੂਰ



ਕੈਲਗਰੀ (ਕਮਲਜੀਤ ਬੁੱਟਰ)-ਅਗਰ ਤੁਹਾਡੇ 'ਚ ਸੁਪਨਿਆਂ ਨੂੰ ਪੂਰਾ ਕਰਨ ਦੀ ਦ੍ਰਿੜ ਇੱਛਾ ਹੈ ਤਾਂ ਤੁਸੀ ਹਰ ਹਾਲ 'ਚ ਸਫਲ ਹੋ ਸਕਦੇ, ਅਜਿਹਾ ਹੀ ਇਕ ਸੁਪਨਾ ਪੰਜਾਬ ਦੇ ਜੰਮਪਲ ਤੇ ਹੁਣ ਕੈਨੇਡਾ ਦੇ ਕੈਲਗਰੀ ਸ਼ਹਿਰ 'ਚ ਰਹਿ ਰਹੇ ਡਾਕਟਰ ਅਨਮੋਲ ਕਪੂਰ ਨੇ ਕਰ ਦਿਖਾਇਆ ਹੈ। ਜਿਸ ਦੀ ਕੀਮਤ 10 ਕਰੋੜ ਦੇ ਕਰੀਬ ਬਣਦੀ ਹੈ।

ਡਾਕਟਰ ਅਨਮੋਲ ਕਪੂਰ ਦੱਸਦੇ ਹਨ ਕਿ ਉਹ ਬਚਪਨ ਤੋਂ ਹੀ ਫਰਾਰੀ ਕਾਰ ਤੇ ਮਾਈਕਲ ਸੁਮਾਕਰ ਦੇ ਬਹੁਤ ਪ੍ਰਸੰਸਕ ਰਹੇ ਹਨ ਕੁੱਝ ਮਹੀਨੇ ਪਹਿਲਾਂ ਉਨ੍ਹਾਂ ਨੂੰ ਫਰਾਰੀ ਕੰਪਨੀ ਨੇ ਇਕ ਮੌਕਾ ਦਿੱਤਾ ਕਿ ਅਸੀਂ ਤੁਹਾਡੇ ਲਈ ਪੀਸਤਾ ਫ਼ਾਰਮੂਲਾ ਇਕ (ਇਟਾਲੀਅਨ ਸ਼ਬਦ ਜਿਸ ਦਾ ਮਤਲਬ ਰੇਸ ਟ੍ਰੈਕ ਲਈ ਸਪੈਸ਼ਲ) ਕਾਰ ਬਣਾਕੇ ਦੇ ਸਕਦੇ, ਜੋ ਸਪੈਸ਼ਲ ਮਾਡਲ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਇਹ ਸਾਡੇ ਪਰਿਵਾਰ ਲਈ ਬਹੁਤ ਮਾਣ ਵਾਲੀ ਗੱਲ ਸੀ ਤੇ ਜਿਸ ਦੇ ਲਈ ਸਾਨੂੰ ਕੈਨੇਡਾ ਤੋਂ ਇਟਲੀ ਫਰਾਰੀ ਦੀ ਕੰਪਨੀ ਜਾਣ ਦਾ ਮੌਕਾ ਮਿਲਿਆ ਤੇ ਅਸੀਂ ਪਰਿਵਾਰ ਸਮੇਤ ਉੱਥੇ ਪਹੁੰਚੇ। ਕਪੂਰ ਪਰਿਵਾਰ ਨੂੰ ਸਭ ਤੋਂ ਵੱਡਾ ਮਾਣ ਉਸ ਸਮੇਂ ਮਿਲਿਆ ਜਦੋਂ ਕੰਪਨੀ ਨੇ ਪਰਿਵਾਰ ਦੀ ਇੱਛਾ ਮੁਤਾਬਕ ਗੱਡੀ ਨੂੰ ਤਿਆਰ ਕੀਤਾ ਤੇ ਪਰਿਵਾਰ ਦੇ ਕਹਿਣ ਅਨੁਸਾਰ ਇਕ ਨਵਾਂ ਰੰਗ ਤਿਆਰ ਕੀਤਾ ਜਿਸ ਨੂੰ ਰੋਸੋ ਕਪੂਰ ਦਾ ਨਾਂ ਦਿੱਤਾ, ਜਿਸ ਨੂੰ ਬਾਅਦ 'ਚ ਕੰਪਨੀ ਪਰਿਵਾਰ ਦੀ ਇਜਾਜ਼ਤ ਤੋਂ ਬਿਨਾ ਕਿਸੇ ਹੋਰ ਲਈ ਨਹੀਂ ਵਰਤ ਸਕਦੀ। ਡਾਕਟਰ ਕਪੂਰ ਨੇ ਦੱਸਿਆ ਕਿ ਮੈ ਬਚਪਨ ਤੋਂ ਰੇਸਿੰਗ ਕਾਰ ਦਾ ਫੈਨ ਸੀ ਤੇ ਜਿਸ 'ਚ ਮਾਈਕਲ ਸ਼ੁਮਾਕਰ ਰੇਸਿੰਗ ਕਾਰਾਂ ਦੇ ਟੌਪ ਡਰਾਇਵਰ ਸਨ ਮੈ ਉਨ੍ਹਾਂ ਦੀ ਕਾਰ ਤੋਂ ਪ੍ਰਭਾਵਿਤ ਸੀ ਤੇ ਇਹ ਕਾਰ ਉਨ੍ਹਾਂ ਦੀ ਕਾਰ ਵਰਗੀ ਹੀ ਤਿਆਰ ਕਰਵਾਈ ਹੈ। ਇਸ ਕਾਰ ਨੂੰ ਨੰਬਰ ਇਕ ਦਿੱਤਾ ਗਿਆ ਹੈ ਜੋ ਦੁਨੀਆਂ 'ਚ ਸਿਰਫ ਇਕ ਹੀ ਹੈ ਤੇ ਕੰਪਨੀ ਮੁੜਕੇ ਇਸ ਤਰਾਂ ਦੀ ਕਾਰ ਨਹੀਂ ਬਣਾਵੇਗੀ।





ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart & Stroke™

With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.

J & S Insulation & Rebar Ltd.



Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

Quality Work, Free Estimates

Best Price

Sarbjit: 604.841.9849

SKY BLUE DRYWALL LTD.

Residential & Commercial

T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh

778-549-3605

E: singh.mand@icloud.com

# ਸ਼ੋਰ ਸਾਈਡ ਫਿਸ਼ ਕੈਨਰੀ

**Students can also apply**

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ



**Forklift drivers needed**

ਫੌਰਕਲਿਫਟ ਡਰਾਈਵਰਾਂ ਦੀ ਲੋੜ ਹੈ।

## ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਅਤੇ ਲੜਕੀਆਂ ਦੀ ਸਖਤ ਜ਼ਰੂਰਤ

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ

ਚੰਗੀ ਤਨਖਾਹ ਤੇ ਘਰ ਵਰਗਾ ਮਾਹੌਲ

ਕਲਾਸ 4 ਦੇ ਡਰਾਈਵਰਾਂ ਦੀ ਲੋੜ ਹੈ।

ਕੰਮ ਤੇ ਹੁਣੇ ਜਾਣ ਲਈ ਫੋਨ ਕਰੋ:

**Ph: 604-244-1118**

**Fax: 604-270-3075**

# ਕੌੜੇ ਬੋਲ ਨਾ ਬੋਲੀਏ, ਕਰਤਾਰੋਂ ਡਰੀਏ




ਹਰਕੀਰਤ ਕੌਰ
9779118066

ਅਕਸਰ ਕਿਹਾ ਜਾਂਦਾ ਹੈ ਕਿ ਤਲਵਾਰ ਦੇ ਫੱਟ ਤਾਂ ਰਾਜੀ ਹੋ ਜਾਂਦੇ ਹਨ ਪਰ ਜ਼ੁਬਾਨ ਦੇ ਫੱਟ ਕਦੇ ਨਹੀਂ ਭਰਦੇ। ਅੱਜ ਦੇ ਅਧੁਨਿਕ ਦੌਰ ਵਿੱਚ ਹਰ ਕੋਈ ਆਪਣੀ ਜ਼ਿੰਦਗੀ ਵਿੱਚ ਮਸਤ ਹੈ, ਸੁਖ ਸਹੂਲਤਾਂ ਲੋਕਾਂ ਕੋਲ ਬਹੁਤ ਨੇ ਪਰ ਬੋਲਾਂ ਦਾ ਮਿਠਾਪਣ, ਸਹਿਣਸ਼ੀਲਤਾ, ਪਿਆਰ ਮਹੁੱਬਤ, ਪਰਿਵਾਰਕ ਸਾਂਝ ਕਿਤੇ ਖੰਭ ਲਾ ਉੱਡ ਗਈ ਹੈ। ਬਹੁਤ ਵਿਰਲੇ ਘਰ ਪਰਿਵਾਰ ਵੇਖਣ ਨੂੰ ਮਿਲਦੇ ਹਨ, ਜਿੱਥੇ ਆਪਸੀ ਪ੍ਰੇਮ ਪਿਆਰ ਨਾਲ ਟੱਬਰ ਸੁਖੀ ਵਸ ਰਿਹਾ ਹੈ ਨਹੀਂ ਤਾਂ ਬਹੁਤਾਂਤ ਘਰਾਂ ਵਿੱਚ ਆਪਣੇ ਹੀ ਖ਼ੂਨ ਆਪਣੇ ਹੀ ਪਰਿਵਾਰਕਲ਼ ਮੈਂਬਰਾਂ ਨਾਲ ਸ਼ਰੀਕੇਬਾਜ਼ੀ ਨੇ ਪਰਿਵਾਰਕ ਸਾਂਝ ਖਤਮ ਕਰ ਦਿੱਤੀ ਹੈ। ਮੈਨੂੰ ਅੱਜ ਵੀ ਯਾਦ ਹੈ ਮੈਂ ਸਾਡੇ ਘਰ ਇੱਕ ਸੀਰੀ ਰੱਖਿਆ ਹੁੰਦਾ ਸੀ , ਮੈਂ ਉਸਨੂੰ ਕੰਮ ਨਾ ਸਹੀ ਕਰਨ ਲਈ ਜਰਾ ਉੱਚੇ ਬੋਲ ਬੋਲ ਦਿੱਤੇ। ਕੋਲ ਬੈਠੀ ਮੇਰੇ ਦਾਦੀ ਜੀ ਕਹਿਣ ਲੱਗੇ " ਪੁੱਤ ਕੌੜੇ ਬੋਲ ਨਾ ਬੋਲੀਏ, ਕਰਤਾਰੋਂ ਡਰੀਏ।" ਉਮਰ ਨਿਆਣੀ ਹੋਣ ਕਰਕੇ ਉਸ ਸਮੇਂ ਇਹਨਾਂ ਗੱਲਾਂ ਦੀ ਕੁਝ ਜਿਆਦਾ ਸਮਝ ਨਹੀਂ ਸੀ, ਪਰ ਦਾਦੀ ਵੱਲੋਂ ਜਦੋਂ ਉਦਾਹਰਣਾਂ ਦੇ ਅਰਥ ਸਮਝਾਏ ਤਾਂ ਮਿੱਠਾ ਬੋਲਣ ਦਾ ਪ੍ਰਣ ਲਿਆ। ਹਰ ਇਨਸਾਨ ਵਿੱਚ ਇੱਕ ਦਿਲ ਹੈ, ਹਰ ਇਨਸਾਨ ਦੇ ਜਜ਼ਬਾਤ ਅਤੇ ਅਹਿਸਾਸ ਹੁੰਦੇ ਹਨ, ਉਹ ਚਾਹੇ




ਅਮੀਰ ਹੋਵੇ ਚਾਹੇ ਗਰੀਬ। ਦਾਦੀ ਦੀ ਇਹ ਗੱਲ ਵੀ ਸੋ ਆਨੇ ਸੱਚ ਹੈ ਕਿ ਕਰਤਾਰ ਤੋਂ ਡਰਨਾ ਚਾਹੀਦਾ ਹੈ, ਕਿਉਂਕਿ ਗੁਰਬਾਣੀ ਵੀ ਸਾਨੂੰ ਮਿੱਠਾ ਬੋਲਣ, ਹਲੀਮੀ ਵਿੱਚ ਰਹਿਣ ਦਾ ਸਬਕ ਦਿੰਦੀ ਹੈ। ਪਰ ਅੱਜ ਦੇ ਸਮੇਂ ਵਿੱਚ ਲੋਕਾਂ ਦੇ ਬਹੁਤ ਘੱਟ ਚਿਹਰੇ ਹਨ ਜੋ ਹੱਸਦੇ ਖੇਡਦੇ ਹਨ, ਬੇਲੋੜੀਆਂ ਇਛਾਵਾਂ ਵਧਾ ਵਧਾ ਕੇ ਲੋਕ ਆਪਣੀ ਜ਼ਿੰਦਗੀ ਬੋਝ ਬਣਾ ਚੁੱਕੇ ਹਨ। ਅਸੀਂ ਅਕਸਰ ਸੁਣਦੇ ਹਾਂ ਕਿ ਜੇਕਰ ਕੋਈ ਇਨਸਾਨ ਸਾਡੇ ਕਰਕੇ ਦੁਖੀ, ਉਦਾਸ ਜਾਂ ਨਿਰਾਸ਼ ਹੋ ਰਿਹਾ ਹੈ ਤਾਂ ਉਸਦਾ ਫਲ ਸਾਨੂੰ ਦੇਣਾ ਪੈਂਦਾ ਹੈ। ਇਹ ਧਰਤੀ ਗੋਲ ਹੈ, ਜੋ ਵੀ ਕਰਮ ਕਰਾਂਗੇ ਉਹ ਘੁੰਮ ਘੁੰਮਾ ਕੇ ਸਾਡੇ ਕੋਲ ਵਾਪਿਸ ਜ਼ਰੂਰ ਆਉਂਦੇ ਹਨ। ਜੋ ਬੀਜਾਂਗੇ ਉਹ ਸਾਨੂੰ ਹਰ ਹਾਲ ਵੱਢਣਾ ਪਵੇਗਾ। ਹਰ ਦਿਲ ਅੰਦਰ ਪ੍ਰਮਾਤਮਾ ਦਾ ਵਾਸ ਹੈ, ਕਿਸੇ ਦਾ ਦਿਲ ਦੁਖਾਉਣ, ਕਿਸੇ ਨੂੰ ਬੁਰੇ ਸ਼ਬਦ ਬੋਲਣ ਤੋਂ ਪਹਿਲਾਂ ਸੋ ਵਾਰ ਸੋਚੋ। ਕਿਉਂਕਿ ਬੋਲ ਹਮੇਸ਼ਾ ਦਿਲ ਤੇ ਲਿਖੇ ਜਾਂਦੇ ਹਨ, ਜਦੋਂ ਵੀ ਕੌੜੇ ਬੋਲ ਬੋਲਣ ਵਾਲਾ ਵਿਅਕਤੀ ਸਾਡੇ ਸਾਹਮਣੇ ਆਉਂਦਾ ਹੈ ਤਾਂ ਸਾਡੇ ਅੰਦਰ ਲੱਗੇ ਫੱਟ ਰਿਸਣ ਲੱਗਦੇ ਹਨ, ਜਿੰਨਾ ਦੀ ਚੀਸ ਬਹੁਤ ਦੁਖਦਾਈ ਹੁੰਦੀ ਹੈ, ਖਾਸ ਕਰ ਉਦੋਂ ਜਦੋਂ ਇਹ ਫੱਟ ਕੋਈ ਆਪਣਾ ਮਾਰੇ। ਅੱਜ ਬਹੁਤ ਸਾਰੇ ਪਰਿਵਾਰਾਂ ਵਿੱਚ ਹਾਲ ਵੇਖਣ ਨੂੰ ਮਿਲਦਾ ਹੈ ਕਿ ਕਈ ਘਰਾਂ ਦੇ ਬੱਚੇ ਮਾਪਿਆਂ ਦੇ ਕਹਿਣੇ ਤੋਂ ਬਾਹਰ ਹਨ ਅਤੇ ਕਈ ਮਾਪੇ ਅਜਿਹਾ ਤਾਨਾਸ਼ਾਹੀ ਰੂਪ ਧਾਰ ਕੇ ਬੈਠੇ ਹੁੰਦੇ ਹਨ ਕਿ ਉੱਥੇ ਬੱਚਿਆਂ ਦਾ ਜੀਣਾ ਮੁਸ਼ਕਿਲ ਹੋਇਆ ਹੁੰਦਾ ਹੈ, ਹਰ ਚੀਜ਼ ਦੀ ਇੱਕ ਸੀਮਾ ਹੁੰਦੀ ਹੈ ਕੋਈ ਵੀ ਵਰਤਾ ? ਜਦੋਂ ਆਪਣੀ ਹੱਦ ਪਾਰ ਕਰਦਾ ਹੈ ਤਾਂ ਉਹ ਅਸਹਿਣਸ਼ੀਲ ਹੁੰਦਾ ਹੈ। ਯਤਨ ਕਰੋ ਕਿ ਹਰ ਦੁਵਿਧਾ ਦਾ ਹੱਲ ਹਲੀਮੀ ਨਾਲ ਕੱਢਿਆ ਜਾਵੇ ਤਾਂ ਜੋ ਕੌੜੇ ਬੋਲ ਬੋਲਣ ਦੀ ਨੌਬਤ ਨਾ ਆਵੇ।ਮਿੱਠਾ ਬੋਲਣ ਨਾਲ ਤੁਸੀਂ ਕੇਵਲ ਆਪਣੇ ਰਿਸ਼ਤੇ ਹੀ ਨਹੀਂ ਬਚਾ ਸਕੋਗੇ ਬਲਕਿ ਆਪਣੀ ਸ਼ਖਸੀਅਤ ਨੂੰ ਵੀ ਨਿਖਾਰੋਗੇ। ਚੰਗਾ ਬੋਲਣਾ ਸਾਡੀ ਇੱਕ ਵਧੀਆ ਸ਼ਖਸੀਅਤ ਹੋਣ ਦਾ ਨਮੂਨਾ ਹੈ। ਸੋ ਯਤਨ ਰਹੇ ਕਿ ਸਾਡੇ ਮੂੰਹੋ ਕੋਈ ਵੀ ਅਜਿਹਾ ਬੋਲ ਨਾ ਨਿਕਲੇ ਜੋ ਕਿਸੇ ਨੂੰ ਦੁਖੀ ਕਰੇ ਅਤੇ ਸਾਡੀ ਸ਼ਖਸੀਅਤ ਉੱਪਰ ਇੱਕ ਨਕਾਰਤਮਕ ਪ੍ਰਭਾਵ ਪਾਵੇ।




## ਸਾਬਕਾ ਆਈ ਜੀ ਸਤਸਰੂਪ ਸਿੰਘ ਡੌਡ ਦਾ ਵਿਛੋੜਾ-ਸਰਕਾਰੀ ਸਨਮਾਨਾਂ ਨਾਲ ਸਸਕਾਰ

### ਭੋਗ ਤੇ ਅੰਤਿਮ ਅਰਦਾਸ 25 ਨੂੰ



ਐਡਮਿੰਟਨ-ਐਡਮਿੰਟਨ ਨਿਵਾਸੀ ਸ ਗੁਰਨਾਮ ਸਿੰਘ ਡੌਡ ਅਤੇ ਸੈਕਰਾਮੈਂਟੋ ਨਿਵਾਸੀ ਸ ਅਵਤਾਰ ਸਿੰਘ ਡੌਡ ਨੂੰ ਉਦੋਂ ਭਾਰੀ ਸਦਮਾ ਪੁਹੰਚਾ ਜਦੋ ਉਹਨਾਂ ਦੇ ਭਰਾ ਸ ਸਤਸਰੂਪ ਸਿੰਘ ਡੌਡ ਸਾਬਕਾ ਆਈ ਜੀ, ਸੀ ਆਰ ਪੀ ਐਫ ਦਾ ਦੇਹਾਂਤ ਹੋ ਗਿਆ। ਉਹ ਸਵਰਗੀ ਸੁਤੰਤਰਤਾ ਸੈਨਾਨੀ ਤੇ ਸਿੱਖ ਆਗੂ ਮਾਸਟਰ ਗੁਰਦਿੱਤ ਸਿੰਘ ਦੇ ਸਪੁੱਤਰ ਸਨ। ਸੀ ਆਰ ਪੀ ਐਫ ਵਿਚੋ ਇੰਸਪੈਕਟਰ ਜਨਰਲ ਦੇ ਅਹੁਦੇ ਤੋ ਸੇਵਾਮੁਕਤ ਹੋਣ ਉਪਰੰਤ ਜਲੰਧਰ ਵਿਖੇ ਰਹਿ ਰਹੇ ਸਨ। ਉਹ ਪਿਛਲੇ ਕੁਝ ਦਿਨਾਂ ਤੋ ਕਰੋਨਾ ਤੋ ਪੀੜਤ ਸਨ ਤੇ ਹਸਪਤਾਲ ਦਾਖਲ ਸਨ ਜਿਥੇ ਅੱਜ ਸਵੇਰੇ ਉਹਨਾਂ ਦਾ ਦੇਹਾਂਤ ਹੋ ਗਿਆ। ਉਹ ਆਪਣੇ ਪਿੱਛੇ ਪਤਨੀ, ਬੇਟਾ ਤੇਜਿੰਦਰ ਸਿੰਘ ਤੇ ਦੋ ਧੀਆਂ ਛੱਡ ਗਏ ਹਨ। ਉਹਨਾਂ ਦੇ ਜੱਦੀ ਪਿੰਡ ਜਲਵੇੜਾ ਜਿਲਾ ਹੁਸ਼ਿਆਰਪੁਰ ਵਿਖੇ ਅੰਤਮ ਸੰਸਕਾਰ ਕਰ ਦਿੱਤਾ ਗਿਆ। ਇਸ ਮੌਕੇ ਸੀ ਆਰ ਪੀ ਐਫ ਦੇ ਜਵਾਨਾਂ ਨੇ ਮ੍ਰਿਤਕ ਦੇਹ ਨੂੰ ਸਲਾਮੀ ਦਿੱਤੀ। ਉਹਨਾਂ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 25 ਮਈ ਦਿਨ ਮੰਗਲਵਾਰ ਨੂੰ ਪਿੰਡ ਜਲਵੇੜਾ ਵਿਖੇ ਹੋਵੇਗੀ।

## ਖਾਲਸਾ ਦੀਵਾਨ ਸੁਸਾਇਟੀ ਦੇ ਸਾਬਕਾ ਪ੍ਰਧਾਨ ਤੇ ਸਿੱਖ ਆਗੂ ਦਲਜੀਤ ਸਿੰਘ ਸੰਧੂ ਦਾ ਸਦੀਵੀ ਵਿਛੋੜਾ



ਵੈਨਕੂਵਰ (ਹਰਦਮ ਮਾਨ)-ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਸਾਬਕਾ ਪ੍ਰਧਾਨ ਅਤੇ ਉੱਘੇ ਸਿੱਖ ਆਗੂ ਭਾਈ ਦਲਜੀਤ ਸਿੰਘ ਸੰਧੂ ਦੇ ਅਕਾਲ ਚਲਾਣੇ ਦੀ ਦੁਖਦਾਈ ਖਬਰ ਹੈ। । ਉਹ 84 ਵਰ੍ਹਿਆਂ ਦੇ ਸਨ। ਕੈਨੇਡਾ ਵਿਚ ਪਿਛਲੇ ਪੰਜਾਹ ਸਾਲਾਂ ਤੋਂ ਸਿੱਖ ਰਾਜਨੀਤੀ 'ਚ ਸਰਗਰਮ ਭਾਈ ਸਾਹਿਬ ਦੀ ਭੂਮਿਕਾ ਮਹੱਤਵਪੂਰਨ ਰਹੀ। ਵਿਸ਼ਵ ਸਿੱਖ ਸੰਸਥਾ ਦੀ ਸਥਾਪਨਾ, ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸਰੀ ਸਮੇਤ ਬਹੁਤ ਸਾਰੀਆਂ ਅਹਿਮ ਸੰਸਥਾਵਾਂ ਦੇ ਨਿਰਮਾਣ ਕਾਰਜ ਵਿਚ ਭਾਈ ਦਲਜੀਤ ਸਿੰਘ ਸੰਧੂ ਨੇ ਨਿਰੰਤਰ ਯੋਗਦਾਨ ਪਾਇਆ ਅਤੇ ਅਗਵਾਈ ਦਿੱਤੀ। ਭਾਈ ਸਾਹਿਬ ਨੂੰ ਉਨ੍ਹਾਂ ਦੇ ਇਤਿਹਾਸਕ ਕਾਰਜਾਂ ਲਈ ਸਦਾ ਯਾਦ ਰੱਖਿਆ ਜਾਏਗਾ।

## ਸ: ਦਲਜੀਤ ਸਿੰਘ ਸੰਧੂ ਕੈਨੇਡਾ ਦੇ ਪੰਜਾਬੀ ਭਾਈਚਾਰੇ ਦਾ ਬੇਸ਼ਕੀਮਤੀ ਹੀਰਾ ਸੀ-ਜੈਤੇਗ ਸਿੰਘ ਅਨੰਤ

ਕੈਨੇਡੀਅਨ ਪੰਜਾਬੀ ਤੇ ਸਿੱਖ ਭਾਈਚਾਰੇ ਦੀ ਹਰਮਨ ਪਿਆਰੀ ਸ਼ਖ਼ਸੀਅਤ ਸਰਦਾਰ ਦਲਜੀਤ ਸਿੰਘ ਸੰਧੂ 84 ਸਾਲ ਦੀ ਉਮਰ ਭੋਗ ਕੇ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ। ਨਾਮਵਰ ਸਿੱਖ ਵਿਦਵਾਨ ਅਤੇ ਲੇਖਕ ਜੈਤੇਗ ਸਿੰਘ ਅਨੰਤ ਨੇ ਆਪਣੇ ਸ਼ੋਕ ਸੁਨੇਹੇ ਵਿੱਚ ਕਿਹਾ ਹੈ ਕਿ ਸਰਦਾਰ ਦਲਜੀਤ ਸਿੰਘ ਸੰਧੂ ਪੰਜਾਬੀ ਤੇ ਸਿੱਖ ਭਾਈਚਾਰੇ ਦਾ ਬੇਸ਼ਕੀਮਤੀ ਹੀਰਾ ਸੀ। ਉਹ ਪੰਥ ਦਰਦੀ, ਸੇਵਾ ਦੇ ਪੁੰਜ, ਗੁਰਮਤਿ ਮਾਰਗ ਦੇ ਪਾਂਧੀ ਅਤੇ ਅਕਾਲ ਤਖ਼ਤ ਨੂੰ ਸਮਰਪਿਤ ਸੱਚੇ ਸਿੱਖ ਸਨ, ਜਿਨ੍ਹਾਂ ਆਪਣਾ ਸਾਰਾ ਜੀਵਨ ਮਾਨਵਤਾ ਦੀ ਸੇਵਾ ਅਤੇ ਖ਼ਾਲਸਾ ਪੰਥ ਨੂੰ ਸਮਰਪਿਤ ਕਰ ਦਿੱਤਾ। ਉਨ੍ਹਾਂ ਦਾ ਪਿਛਲਾ ਪਿੰਡ ਸ਼ਰੀਂਹ ਤਹਿਸੀਲ ਨਕੋਦਰ ਜ਼ਿਲ੍ਹਾ ਜਲੰਧਰ ਸੀ ਉਹ 1974 ਵਿਚ ਪੱਕੇ ਤੌਰ ਤੇ ਕੈਨੇਡਾ ਦੀ ਧਰਤੀ ਤੇ ਇਕ ਪਰਵਾਸੀ ਦੀ ਹੈਸੀਅਤ ਵਿੱਚ ਪਰਿਵਾਰ ਨਾਲ ਪੁੱਜੇ। ਬੜੀ ਜਲਦੀ ਹੀ ਸਿਆਣਪ, ਦੂਰਅੰਦੇਸ਼ੀ ਤੇ ਪਿਆਰ ਮੁਹੱਬਤ ਨਾਲ ਆਪਣੀ ਥਾਂ ਬਣਾ ਲਈ। ਉਨ੍ਹਾਂ ਦੀਆਂ ਸਿੱਖੀ ਤੇ ਪੰਥ ਪ੍ਰਤੀ ਕੀਤੀਆਂ ਅਦੁੱਤੀ ਸੇਵਾਵਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਸਰਦਾਰ ਦਲਜੀਤ ਸਿੰਘ ਸੰਧੂ ਦੋ ਵਾਰ ਖ਼ਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਬਣੇ। ਉਹ ਸਿੱਖ ਸੇਵਕ ਸੁਸਾਇਟੀ ਕੈਨੇਡਾ ਦੇ ਮੋਢੀਆਂ ਵਿੱਚੋਂ ਇੱਕ ਸਨ। ਵਰਲਡ ਸਿੱਖ ਸੰਸਥਾ ਦੀ ਸਥਾਪਨਾ ਤੇ ਉਸ ਦੇ ਕਾਰਜਾਂ ਵਿਚ ਵੱਧ ਚੜ੍ਹ ਕੇ ਕੰਮ ਕੀਤਾ। ਸਰੀ ਵਿਚ ਬਣੇ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ ਦੇ ਪਿੱਛੇ ਉਨ੍ਹਾਂ ਦੀ ਸੂਝ ਸਿਆਣਪ ਤੇ ਦੂਰਅੰਦੇਸ਼ੀ ਹੀ ਸੀ। ਉਹ ਪੰਜ ਭਰਾ ਤੇ ਤਿੰਨ ਭੈਣਾਂ ਵਿੱਚੋਂ ਇੱਕ ਸਨ, ਜਿਨ੍ਹਾਂ ਦਾ ਜਨਮ 8 ਫਰਵਰੀ 1937 ਨੂੰ ਪਿੰਡ ਸ਼ਰੀਂਹ ਵਿਖੇ ਹੋਇਆ। ਉਹ ਆਪਣੇ ਪਿੱਛੇ ਆਪਣੀ ਧਰਮ ਪਤਨੀ ਪੰਜ ਬੇਟੀਆਂ ਤੇ ਦੋ ਪੁੱਤਰ ਤੇ ਪੋਤਰੇ, ਦੋਹਤਰੇ, ਦੋਹਤਰੀਆਂ ਹੱਸਦਾ ਵੱਸਦਾ ਪਰਿਵਾਰ ਛੱਡ ਗਏ ਹਨ। ਅੱਜ ਸਮੁੱਚਾ ਪੰਜਾਬੀ ਭਾਈਚਾਰਾ ਉਨ੍ਹਾਂ ਦੀ ਬੇਵਕਤ ਵਿਛੋੜੇ ਤੇ ਡੂੰਘੇ ਦੁੱਖਾਂ ਦੇ ਸਾਗਰ ਵਿੱਚ ਡੁੱਬਾ ਹੈ।

# Gold Key INSURANCE

**Number 1 in the Community for 25 Years.**

Explore Your Options

## Home | Condo | Rental | Tenants
## Business | CGL Liability | Property
## Trucking | Cargo | Fleet |Equipment
## Construction | Contractor | Farm
## Travel | Super Visa | Medical
## Auto | Marine | Motorcycle
## and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

# TEL : 604 502 0441

ICBC Online and Delivery available.

ਪੰਜਾਬੀ

हिंदी

| | | | |
|---|---|---|---|
| **SURREY** (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER** (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

**OPEN 7 DAYS**

ICBC autoplan www.goldkeyinsurance.ca


Rajan MANGOES
exclusively available
at
fruiticana
SINCE 1994
LOWEST PRICES IN TOWN
Extra Extra Super Special
RAJAN MANGOES
(HADEN AND ATAULFO) 4 kg
ਰਾਜਨ ਅੰਬ ਹੈਡਨ ਅਤੇ ਅਟੈਲਫੋ
$11.99 BOX
*Number of pieces depends on the weight
Red Onions 25 lbs
ਲਾਲ ਗੰਢੇ
$10.98 bag
Daikon (Mooli)
ਮੂਲੀ
88¢ lb
Broccoli Crown
ਬਰੌਕਲੀ ਕਰਾਉਨ
98¢ lb
Yellow Onions 50 lbs
ਪੀਲੇ ਗੰਢੇ
$10.98 bag
Red Delicious Apples
ਲਾਲ ਸਵਾਦ ਸੇਬ
98¢ lb
Zucchini Squash
ਜ਼ੁਕੀਨੀ ਸਕੁਐਸ਼
89¢ lb
KTC Fried Onions 400 g
ਕੇ ਟੀ ਸੀ ਫਰਾਈਡ ਪਿਆਜ਼
$1.99 pkg.
Indican Snacks (Assorted) 150 g
ਇੰਡੀਕੇਨ ਸਨੈਕਸ ਵੱਖ ਵੱਖ ਤਰਾਂ ਦੇ
99¢ pkg.
Extra Super Super Special
Indican Chickpeas Red Lentil Whole 4 lbs
ਇੰਡੀਕੇਨ ਚਿੱਟੇ ਛੋਲੇ ਮਸਰਾਂ ਦੀ ਸਾਬਤ ਦਾਲ
$2.99 bag
Extra Super Super Special
Jumbo Size Cantaloupe
ਵੱਡੇ ਖਰਬੂਜੇ
99¢ ea.
Super Special
Spinach
ਪਾਲਕ
2 bunches for $1.59
Super Special
Round Tomatoes
ਗੋਲ ਟਮਾਟਰ
79¢ lb
Super Special
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
$1.98 ea.
Super Special
Fresh Ginger
ਤਾਜ਼ਾ ਅਦਰਕ
99¢ lb
Super Special
Cilantro
ਧਨੀਆ
3 bunches for 99¢
Super Special
Pink Lady Apples
ਪੀਂਕ ਲੇਡੀ ਐਪਲ
88¢ lb
Seedless Watermelons
ਬਿਨਾਂ ਬੀਜ ਹਦਵਾਣਾ
49¢ lb
Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
Green Cabbage
ਹਰੀ ਬੰਦ ਗੋਭੀ
49¢ lb
Fresh Garlic
ਤਾਜ਼ਾ ਲਸਣ
99¢ lb
Rapini (Sarson da Saag)
ਸਰਸੋਂ ਦਾ ਸਾਗ
$1.99 bunch
Pesi Gur Plain
ਪੇਸੀ ਗੁੜ
$2.49 lb
Britannia Milk Rusk 560 g
ਬ੍ਰਿਟੇਨੀਆ ਮਿਲਕ ਰਸ
$3.99 pkg.
Almonds
ਬਦਾਮ
$3.98 lb
Green Cardamom (Elaichi) MF
ਹਰੀ ਇਲਾਇਚੀ (ਐਮ.ਐਫ)
$26.99 lb
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Indican Punjabi Biscuits 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.
Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag
KTC Pomace Olive Oil 3L
ਕੇ.ਟੀ.ਸੀ ਜੈਤੂਨ ਪੌਮੇਸ ਦਾ ਤੇਲ
$9.98 ea.
Product images may differ from the actual product.
Thur May 20, 2021 - Wed May 26, 2021
We reserve the right to limit the quantities while they last
fruiticana hee jaana!
NEW LOCATION OPENING SOON
Head Office: 7676 Anvil Way, Surrey
604-502-0005
www.fruiticana.com
BUSINESS HOURS
9 AM - 9 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Surrey ------------ 12990 72nd Ave. ------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ---------------- 604-372-2023
Surrey ------------ 101-7228 192St. --------------- 604-575-3750
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ------------------ 604-244-9520